ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ਨੀਵਾਰ, 18 ਜਨਵਰੀ 2025 (ਨਾਨਕਸ਼ਾਹੀ ਸੰਮਤ : ੫੫੬, ੫ ਮਾਘ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਪੀਐਮ ਮੋਦੀ ਨੂੰ ਘੇਰਨ ਵਾਲੇ ਕਿਸਾਨਾਂ 'ਤੇ ਸਖ਼ਤ ਐਕਸ਼ਨ

# ਗ੍ਰਿਫਤਾਰੀ ਵਰੰਟ, ਘਰਾਂ 'ਤੇ ਰੇਡ

**ਨਵੀਂ ਦਿੱਲੀ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-5 ਜਨਵਰੀ, 2022 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਿਰੋਜ਼ਪੁਰ ਫੇਰੀ ਦੌਰਾਨ ਸੁਰੱਖਿਆ ਵਿੱਚ ਹੋਈ ਕੁਤਾਹੀ ਦਾ ਮਾਮਲਾ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ। ਅਦਾਲਤ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਤੇ ਇਨਕਲਾਬੀ ਪੇਂਡੂ ਮਜ਼ਦੂਰ ਯੂਨੀਅਨ ਦੇ 25 ਮੈਂਬਰਾਂ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਦਰਅਸਲ ਤਿੰਨ ਸਾਲ ਪੁਰਾਣੇ ਮਾਮਲੇ ਵਿੱਚ ਪੁਲਿਸ ਨੇ ਹੁਣ ਆਈਪੀਸੀ ਦੀਆਂ ਧਾਰਾਵਾਂ 307, 353, 341, 186, 149 ਤੇ ਰਾਸ਼ਟਰੀ ਰਾਜਮਾਰਗ ਐਕਟ ਦੀ ਧਾਰਾ 8-ਬੀ ਜੋੜ ਦਿੱਤੀ ਹੈ। ਯਾਦ ਰਹੇ ਪ੍ਰਧਾਨ ਮੰਤਰੀ ਨੇ ਉਸ ਦਿਨ ਫਿਰੋਜ਼ਪੁਰ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਨਾ ਸੀ ਤੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ



ਸ਼ਰਧਾਂਜਲੀ ਦੇਣ ਲਈ ਹੁਸੈਨੀਵਾਲਾ ਜਾਣਾ ਸੀ। ਪਹਿਲਾਂ ਉਨ੍ਹਾਂ ਨੇ ਹੈਲੀਕਾਪਟਰ ਰਾਹੀਂ ਜਾਣਾ ਸੀ ਪਰ ਅਚਾਨਕ ਰਸਤਾ ਬਦਲ ਦਿੱਤਾ ਗਿਆ ਤੇ ਉਨ੍ਹਾਂ ਨੂੰ ਸੜਕ ਰਾਹੀਂ ਲਿਜਾਇਆ ਗਿਆ। ਇਸ ਦੌਰਾਨ ਉਨ੍ਹਾਂ ਨੂੰ ਪ੍ਰੋਗਰਾਮ ਰੱਦ ਕਰਕੇ ਦਿੱਲੀ ਵਾਪਸ ਜਾਣਾ ਪਿਆ ਕਿਉਂਕਿ ਪ੍ਰਦਰਸ਼ਨਕਾਰੀਆਂ ਨੇ ਫਲਾਈਓਵਰ 'ਤੇ ਸੜਕ ਜਾਮ ਕਰ ਦਿੱਤੀ ਸੀ। ਇਸ ਮਾਮਲੇ ਵਿੱਚ 6 ਜਨਵਰੀ, 2022 ਨੂੰ ਆਈਪੀਸੀ ਦੀ ਧਾਰਾ 283 (ਜਨਤਕ ਰਸਤੇ ਵਿੱਚ ਰੁਕਾਵਟ ਪਾਉਣਾ) ਤਹਿਤ ਐਫਆਈਆਰ ਦਰਜ ਕੀਤੀ ਗਈ ਸੀ, ਜੋ ਇੱਕ ਜ਼ਮਾਨਤੀ ਅਪਰਾਧ ਹੈ। ਹਾਲਾਂਕਿ, ਭਾਜਪਾ ਆਗੂਆਂ ਵੱਲੋਂ ਕਮਜ਼ੋਰ ਐਫਆਈਆਰ 'ਤੇ ਇਤਰਾਜ਼ ਉਠਾਉਣ ਤੋਂ ਬਾਅਦ ਤਿੰਨ ਮੈਂਬਰੀ ਐਸਆਈਟੀ ਦਾ ਗਠਨ ਕੀਤਾ ਗਿਆ ਸੀ। ਜਾਂਚ ਦੇ ਆਧਾਰ 'ਤ ਐਫਆਈਆਰ ਵਿੱਚ ਹੋਰ ਗੰਭੀਰ ਧਾਰਾਵਾਂ ਜੋੜੀਆਂ ਗਈਆਂ ਹਨ, ਜਿਨ੍ਹਾਂ ਵਿੱਚ ਧਾਰਾ 307 (ਕਤਲ ਦੀ ਕੋਸ਼ਿਸ਼), 353 (ਸਰਕਾਰੀ ਸੇਵਕ 'ਤੇ ਹਮਲਾ), 341 (ਗਲਤ ਤਰੀਕੇ ਨਾਲ ਰੋਕਣਾ), 186 (ਡਿਊਟੀ ਨਿਭਾਉਣ ਵਿੱਚ ਰੁਕਾਵਟ ਪਾਉਣਾ), 149 (ਗੈਰ-ਕਾਨੂੰਨੀ ਇਕੱਠ) ਤੇ ਰਾਸ਼ਟਰੀ ਰਾਜਮਾਰਗ ਐਕਟ ਦੀ ਧਾਰਾ 8-ਬੀ ਸ਼ਾਮਲ ਹਨ। ਐਫਆਈਆਰ ਵਿੱਚ ਬੀਕੇਯੂ ਕ੍ਰਾਂਤੀਕਾਰੀ ਦੇ ਜਨਰਲ ਸਕੱਤਰ ਬਲਦੇਵ ਸਿੰਘ ਜ਼ੀਰਾ ਤੇ ਹੋਰ ਕਿਸਾਨ ਆਗੂਆਂ ਤੇ ਮੈਂਬਰਾਂ ਸਮੇਤ 26 ਲੋਕਾਂ ਦੇ ਨਾਮ ਹਨ। ਇੱਕ ਕਿਸਾਨ ਮੇਜਰ ਸਿੰਘ ਦੀ ਮੌਤ ਹੋ ਗਈ ਹੈ, ਜਦੋਂ ਕਿ ਬਾਕੀ 25 ਦੋਸ਼ੀਆਂ ਵਿਰੁੱਧ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ। 3 ਜਨਵਰੀ, 2025 ਨੂੰ ਫਿਰੋਜ਼ਪੁਰ ਦੀ ਅਦਾਲਤ ਨੇ ਇਨ੍ਹਾਂ 25 ਕਿਸਾਨਾਂ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ। ਪਹਿਲਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਹੋਣ ਲਈ ਸੰਮਨ ਤੇ ਵਾਰੰਟ ਭੇਜੇ ਜਾਂਦੇ ਸਨ ਪਰ ਉਨ੍ਹਾਂ ਦੀ ਗੈਰਹਾਜ਼ਰੀ ਕਾਰਨ ਹੁਣ ਪੁਲਿਸ ਨੂੰ 22 ਜਨਵਰੀ ਤੱਕ ਗ੍ਰਿਫ਼ਤਾਰ ਕਰਕੇ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਉਧਰ, ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਦੇ ਪ੍ਰਧਾਨ ਸੁਰਜੀਤ ਸਿੰਘ ਫੂਲ ਨੇ ਪੰਜਾਬ ਸਰਕਾਰ 'ਤੇ ਕੇਂਦਰੀ ਦਬਾਅ ਹੇਠ ਕੰਮ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਪੁਲਿਸ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਉਨ੍ਹਾਂ ਦੇ ਘਰਾਂ 'ਤੇ ਛਾਪੇਮਾਰੀ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਸਰਕਾਰ ਨੂੰ ਚੇਤਾਵਨੀ ਦਿੰਦੇ ਹਾਂ ਕਿ ਉਹ ਕਿਸਾਨਾਂ ਨੂੰ ਨਿਸ਼ਾਨਾ ਨਾ ਬਣਾਏ। ਸਾਡੇ ਵਿਰੋਧ ਪ੍ਰਦਰਸ਼ਨ ਸ਼ਾਂਤਮਈ ਸਨ ਤੇ ਕਤਲ ਦੀ ਕੋਸ਼ਿਸ਼ ਵਰਗੇ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ। ਇਹ ਸਿਰਫ਼ ਕਿਸਾਨਾਂ ਤੇ ਉਨ੍ਹਾਂ ਦੇ ਆਗੂਆਂ ਨੂੰ ਡਰਾਉਣ ਦੀ ਸਾਜ਼ਿਸ਼ ਹੈ।

## ਪੰਜਾਬ 'ਚ ਮੁੜ ਤੋਂ ਪੈਣਗੀਆਂ ਵੋਟਾਂ, ਹੁਣ ਇਹ ਵਿਧਾਨ ਸਭਾ ਸੀਟ ਹੋਈ ਖ਼ਾਲੀ, 6 ਮਹੀਨਿਆਂ ਅੰਦਰ ਕਰਵਾਉਣੀਆਂ ਪੈਣਗੀਆਂ ਚੋਣਾਂ

**ਚੰਡੀਗੜ੍ਹ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਪੰਜਾਬ ਵਿਧਾਨ ਸਭਾ ਨੇ ਲੁਧਿਆਣਾ ਪੱਛਮੀ ਸੀਟ ਖਾਲੀ ਘੋਸ਼ਿਤ ਕਰ ਦਿੱਤੀ ਹੈ। ਇਹ ਸੀਟ ਵਿਧਾਇਕ ਗੁਰਪ੍ਰੀਤ ਗੋਗੀ ਦੇ ਦੇਹਾਂਤ ਤੋਂ ਬਾਅਦ ਖਾਲੀ ਹੋਈ ਹੈ। ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਇਸ ਬਾਰੇ ਚੋਣ ਕਮਿਸ਼ਨ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ, ਚੋਣ ਕਮਿਸ਼ਨ ਵੱਲੋਂ ਜਲਦੀ ਹੀ ਉਪ ਚੋਣਾਂ ਕਰਵਾਈਆਂ ਜਾਣਗੀਆਂ। ਸਰਕਾਰ ਬਣਨ ਤੋਂ ਬਾਅਦ ਛੇਵੀਂ ਸੀਟ ਲਈ ਚੋਣਾਂ ਹੋਣਗੀਆਂ। ਇਸ ਤੋਂ ਪਹਿਲਾਂ ਪਾਰਟੀ ਨੇ ਜਲੰਧਰ ਸੀਟ ਜਿੱਤੀ ਸੀ। ਇਸ ਤੋਂ ਬਾਅਦ ਪਾਰਟੀ ਗਿੱਦੜਬਾਹਾ, ਹੁਸ਼ਿਆਰਪੁਰ ਅਤੇ ਡੇਰਾ ਬਾਬਾ ਨਾਨਕ ਸੀਟਾਂ ਜਿੱਤਣ ਵਿੱਚ ਸਫਲ ਰਹੀ ਸੀ। ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਗੁਰਪ੍ਰੀਤ ਗੋਗੀ (57) ਦੀ ਪਿਛਲੇ ਸ਼ੁੱਕਰਵਾਰ ਨੂੰ ਗੋਲੀ ਲੱਗਣ ਤੋਂ ਬਾਅਦ ਮੌਤ ਹੋ ਗਈ। ਇਹ ਘਟਨਾ ਉਦੋਂ ਵਾਪਰੀ ਜਦੋਂ ਉਹ ਆਪਣਾ ਰਿਵਾਲਵਰ ਸਾਫ਼ ਕਰ ਰਹੇ ਸੀ। ਇਸ ਤੋਂ ਬਾਅਦ ਉਸਨੂੰ ਹਸਪਤਾਲ ਲਿਜਾਇਆ ਗਿਆ। ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ।

Exclusive News

## ਕੈਨੇਡਾ 'ਚ ਪੰਜਾਬੀਆਂ ਨੂੰ ਵੱਡਾ ਝਟਕਾ! 10 ਲੱਖ ਨੌਜਵਾਨਾਂ ਦੀਆਂ ਜਾਣਗੀਆਂ ਨੌਕਰੀਆਂ

**ਟੋਰਾਂਟੋ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਕੈਨੇਡਾ ਵਿੱਚ ਰਹਿਣ ਵਾਲੇ ਪੰਜਾਬੀਆਂ ਨੂੰ ਇੱਕ ਤੋਂ ਬਾਅਦ ਇੱਕ ਝਟਕਾ ਲੱਗ ਰਿਹਾ ਹੈ। ਇੱਕ ਪਾਸੇ ਕੈਨੇਡਾ ਵਿੱਚ ਲਗਪਗ ਪੰਜ ਲੱਖ ਪੰਜਾਬੀ ਨੌਜਵਾਨ ਡਿਪੋਰਟ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਹਨ ਤੇ ਦੂਜੇ ਪਾਸੇ ਇਹ ਖਦਸ਼ਾ ਹੈ ਕਿ ਕੈਨੇਡਾ ਵਿੱਚ 10 ਲੱਖ ਨੌਕਰੀਆਂ ਖਤਮ ਹੋ ਜਾਣਗੀਆਂ ਤੇ ਇਨ੍ਹਾਂ ਵਿੱਚੋਂ ਪੰਜ ਲੱਖ ਨੌਕਰੀਆਂ ਇਕੱਲੇ ਓਨਟਾਰੀਓ ਸੂਬੇ ਵਿੱਚ ਹੀ ਖਤਮ ਹੋ ਸਕਦੀਆਂ ਹਨ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਦੇ ਇਸ ਬਿਆਨ ਤੋਂ ਬਾਅਦ ਪੰਜਾਬੀ ਮੂਲ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਹੈ। ਡੱਗ ਫੋਰਡ ਨੇ ਅਲਬਰਟਾ ਨੂੰ ਦੂਜਾ ਸਭ ਤੋਂ ਵੱਧ ਪ੍ਰਭਾਵਿਤ ਸੂਬਾ ਦੱਸਿਆ ਹੈ। ਇਸ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਆਉਂਦਾ ਹੈ। ਡੋਨਾਲਡ ਟਰੰਪ ਦੇ ਸਹੁੰ ਚੁੱਕਣ ਤੋਂ ਬਾਅਦ ਲਗਾਏ ਗਏ ਟੈਕਸਾਂ ਦੇ ਪ੍ਰਭਾਵ ਦਾ ਹਵਾਲਾ ਦਿੰਦੇ ਹੋਏ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਸੰਘੀ ਸਰਕਾਰ ਨੂੰ ਸਖ਼ਤ ਜਵਾਬ ਦੇਣਾ ਪਵੇਗਾ। ਕੈਨੇਡਾ ਵਿੱਚ ਨੌਕਰੀਆਂ ਦੇ ਖੁੱਸਣ ਦੀ ਗਿਣਤੀ ਟੈਕਸਾਂ ਦੁਆਰਾ ਸਿੱਧੇ ਤੌਰ 'ਤੇ ਪ੍ਰਭਾਵਿਤ ਖੇਤਰਾਂ 'ਤੇ ਨਿਰਭਰ ਕਰੇਗੀ, ਪਰ ਡੱਗ ਫੋਰਡ ਸਰਕਾਰ ਦਾ ਮੰਨਣਾ ਹੈ ਕਿ ਓਨਟਾਰੀਓ ਵਿੱਚ ਇਹ ਗਿਣਤੀ 450,000 ਤੋਂ 500,000 ਦੇ ਵਿਚਕਾਰ ਹੋ ਸਕਦੀ ਹੈ। ਦੱਸ ਦਈਏ ਕਿ ਓਨਟਾਰੀਓ ਇੱਕ ਅਜਿਹਾ ਸੂਬਾ ਹੈ ਜਿਸ ਵਿੱਚ ਟੋਰਾਂਟੋ, ਬਰੈਂਪਟਨ, ਮਿਸੀਸਾਗਾ, ਓਟਾਵਾ ਵਰਗੇ ਖੇਤਰ ਸ਼ਾਮਲ ਹਨ, ਜਿੱਥੇ ਵੱਡੀ ਗਿਣਤੀ ਵਿੱਚ ਪੰਜਾਬੀ ਨੌਜਵਾਨ ਕੰਮ ਕਰਦੇ ਹਨ।

## ਰੂਸੀ ਫੌਜ 'ਚ ਭਰਤੀ ਹੋਏ 12 ਭਾਰਤੀਆਂ ਦੀ ਮੌਤ, 16 ਹੋਰ ਲਾਪਤਾ

**ਨਵੀਂ ਦਿੱਲੀ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)**- ਰੂਸ-ਯੂਕਰੇਨ ਯੁੱਧ 'ਚ ਕੇਰਲ ਦੇ ਤ੍ਰਿਸ਼ੂਰ ਦੇ ਨਾਗਰਿਕ ਬਿਨਿਲ ਬਾਬੂ ਦੀ ਮੌਤ ਦੇ ਸਬੰਧ 'ਚ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਉਸ



ਦੀ ਮੌਤ ਬਹੁਤ ਮੰਦਭਾਗੀ ਹੈ। ਮੰਤਰਾਲੇ ਨੇ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ ਅਤੇ ਭਰੋਸਾ ਦਿਵਾਇਆ ਹੈ ਕਿ ਭਾਰਤੀ ਦੂਤਾਵਾਸ ਰੂਸੀ ਅਧਿਕਾਰੀਆਂ ਦੇ ਸੰਪਰਕ ਵਿੱਚ ਹੈ, ਤਾਂ ਜੋ ਮਾਰੇ ਗਏ ਭਾਰਤੀਆਂ ਦੀਆਂ ਲਾਸ਼ਾਂ ਨੂੰ ਜਲਦੀ ਤੋਂ ਜਲਦੀ ਭਾਰਤ ਵਾਪਸ ਲਿਆਂਦਾ ਜਾ ਸਕੇ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਰੂਸ-ਯੂਕਰੇਨ ਯੁੱਧ ਵਿੱਚ 12 ਭਾਰਤੀ ਨਾਗਰਿਕ ਮਾਰੇ ਗਏ ਹਨ ਅਤੇ 16 ਲਾਪਤਾ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਬਿਨਿਲ ਬਾਬੂ ਦੀ ਮੌਤ ਬੇਹੱਦ ਮੰਦਭਾਗੀ ਹੈ। ਅਸੀਂ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਸਾਡਾ ਦੂਤਾਵਾਸ ਰੂਸੀ ਅਧਿਕਾਰੀਆਂ ਦੇ ਸੰਪਰਕ ਵਿੱਚ ਹੈ ਤਾਂ ਜੋ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਜਲਦ ਤੋਂ ਜਲਦ ਭਾਰਤ ਵਾਪਸ ਲਿਆਂਦਾ ਜਾ ਸਕੇ। ਜ਼ਖਮੀ ਹੋਏ ਦੂਜੇ ਵਿਅਕਤੀ ਦਾ ਮਾਸਕੋ 'ਚ ਇਲਾਜ ਚੱਲ ਰਿਹਾ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਉਹ ਵੀ ਆਪਣਾ ਇਲਾਜ ਪੂਰਾ ਕਰਕੇ ਜਲਦੀ ਹੀ ਭਾਰਤ ਪਰਤ ਜਾਵੇਗਾ। ਅੱਜ (17 ਜਨਵਰੀ, 2025) ਤੱਕ, 126 ਮਾਮਲੇ (ਰੂਸੀ ਫੌਜ ਵਿੱਚ ਸੇਵਾ ਕਰ ਰਹੇ ਭਾਰਤੀ ਨਾਗਰਿਕਾਂ ਦੇ) ਰਿਪੋਰਟ ਕੀਤੇ ਗਏ ਹਨ। "ਇਨ੍ਹਾਂ 126 ਮਾਮਲਿਆਂ ਵਿੱਚੋਂ, 96 ਲੋਕ ਭਾਰਤ ਪਰਤ ਆਏ ਹਨ ਅਤੇ ਰੂਸੀ ਹਥਿਆਰਬੰਦ ਬਲਾਂ ਤੋਂ ਛੁੱਟੀ ਦੇ ਦਿੱਤੀ ਗਈ ਹੈ।"

**12 ਭਾਰਤੀਆਂ ਦੀ ਗਈ ਜਾਨ**-ਰਣਧੀਰ ਜੈਸਵਾਲ ਨੇ ਕਿਹਾ, "ਰੂਸੀ ਫੌਜ ਵਿੱਚ 18 ਭਾਰਤੀ ਬਚੇ ਹੋਏ ਹਨ ਅਤੇ ਉਨ੍ਹਾਂ ਵਿੱਚੋਂ 16 ਅਣਪਛਾਤੇ ਹਨ। ਰੂਸੀ ਪੱਖ ਨੇ ਉਨ੍ਹਾਂ ਨੂੰ ਲਾਪਤਾ ਵਜੋਂ ਸ਼੍ਰੇਣੀਬੱਧ ਕੀਤਾ ਹੈ... ਅਸੀਂ ਬਚੇ ਹੋਏ ਭਾਰਤੀਆਂ ਦੀ ਜਲਦੀ ਰਿਹਾਈ ਅਤੇ ਵਾਪਸੀ ਦੀ ਮੰਗ ਕਰ ਰਹੇ ਹਾਂ। 12 ਭਾਰਤੀ ਮਾਰੇ ਗਏ ਜੋ ਰੂਸੀ ਫੌਜ ਵਿਚ ਸੇਵਾ ਕਰ ਰਹੇ ਸਨ।"

**18 ਵਿੱਚੋਂ 16 ਲਾਪਤਾ ਹੋ ਗਏ**-ਬੁਲਾਰੇ ਰਣਧੀਰ ਜੈਸਵਾਲ ਨੇ ਅੱਗੇ ਕਿਹਾ, "ਰਸ਼ੀਅਨ ਫੌਜ ਵਿੱਚ ਸੇਵਾ ਕਰ ਰਹੇ ਭਾਰਤੀ ਨਾਗਰਿਕਾਂ ਦੇ ਕੁੱਲ 126 ਮਾਮਲੇ ਸਾਡੇ ਕੋਲ ਰਿਪੋਰਟ ਕੀਤੇ ਗਏ ਹਨ ਅਤੇ ਇਨ੍ਹਾਂ ਵਿੱਚੋਂ 96 ਲੋਕ ਪਹਿਲਾਂ ਹੀ ਭਾਰਤ ਵਾਪਸ ਆ ਚੁੱਕੇ ਹਨ। ਉਸ ਨੂੰ ਰੂਸੀ ਹਥਿਆਰਬੰਦ ਬਲਾਂ ਨੇ ਛੁੱਟੀ ਦੇ ਦਿੱਤੀ ਹੈ। 18 ਭਾਰਤੀ ਨਾਗਰਿਕ ਅਜੇ ਵੀ ਜੰਗ ਵਿੱਚ ਹਨ। ਇਨ੍ਹਾਂ ਵਿੱਚੋਂ 16 ਵਿਅਕਤੀਆਂ ਦਾ ਪਤਾ ਨਹੀਂ ਲੱਗ ਸਕਿਆ ਹੈ। ਜਿਨ੍ਹਾਂ ਦਾ ਪਤਾ ਨਹੀਂ ਲੱਗ ਸਕਿਆ ਹੈ, ਰੂਸੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਲਾਪਤਾ ਵਿਅਕਤੀਆਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ।

**ਰੂਸੀ ਸਰਕਾਰ ਦੇ ਸਾਹਮਣੇ ਉਠਾਇਆ ਗਿਆ ਮੁੱਦਾ** -ਇਸ ਹਫਤੇ ਦੇ ਸ਼ੁਰੂ 'ਚ ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਉਸ ਨੇ ਇਸ ਮੁੱਦੇ ਨੂੰ ਰੂਸੀ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਉਠਾਇਆ ਸੀ। ਰੂਸੀ ਮੋਰਚੇ 'ਤੇ ਲੜਦੇ ਹੋਏ ਬਿਨਿਲ ਬਾਬੂ ਦੇ ਮਾਰੇ ਜਾਣ ਦੀ ਰਿਪੋਰਟ ਤੋਂ ਇਕ ਦਿਨ ਬਾਅਦ ਵਿਦੇਸ਼ ਮੰਤਰਾਲੇ ਨੇ ਇਹ ਗੱਲ ਕਹੀ।

## ਕੰਗਨਾ ਰਣੌਤ ਦੀ ਵਿਵਾਦਤ ਫਿਲਮ "ਐਮਰਜੈਂਸੀ" ਨੂੰ ਸ਼੍ਰੋਮਣੀ ਕਮੇਟੀ ਨੇ ਪੰਜਾਬ 'ਚ ਨਹੀਂ ਚੱਲਣ ਦਿੱਤੀ

**ਨਵੀਂ ਦਿੱਲੀ, 17 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਕੰਗਨਾ ਰਣੌਤ ਵੱਲੋਂ ਬਣਾਈ ਗਈ 'ਐਮਰਜੈਂਸੀ' ਫ਼ਿਲਮ ਦੀ ਰਲੀਜ਼ ਨੂੰ ਰੋਕਣ ਲਈ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਭਰ ਅੰਦਰ ਸਿਨੇਮਾ ਘਰਾਂ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਰੋਸ ਨੂੰ ਦੇਖਦਿਆਂ ਸਿਨੇਮਾ ਪ੍ਰਬੰਧਕਾਂ ਨੇ ਫਿਲਮ ਐਮਰਜੈਂਸੀ ਨੂੰ ਨਾ ਚਲਾਉਣ ਦਾ ਫੈਸਲਾ ਕੀਤਾ, ਜਿਸ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਦਰਸ਼ਨ ਸਮਾਪਤ ਕੀਤੇ ਗਏ। ਅੰਮ੍ਰਿਤਸਰ ਵਿਖੇ ਫਿਲਮ ਦੇ ਵਿਰੋਧ ਵਿੱਚ ਪੀਵੀਆਰ ਸਿਨੇਮਾ (ਸੂਰਜ ਚੰਦਾ ਤਾਰਾ), ਟਰੀਲੀਅਮ ਮਾਲ ਅਤੇ ਅਲਫਾ ਵਨ ਮਾਲ ਵਿਖੇ ਪ੍ਰਦਰਸ਼ਨ ਕੀਤੇ ਗਏ, ਜਿਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕੀਤੀ। ਇਸ ਮੌਕੇ ਗਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਕੰਗਨਾ ਰਣੌਤ ਵੱਲੋਂ ਬਣਾਈ ਗਈ 'ਐਮਰਜੈਂਸੀ ਫ਼ਿਲਮ ਵਿਚ ਸਿੱਖ ਕਿਰਦਾਰਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਇਤਰਾਜ਼ ਦਰਜ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਵੀ ਹੁਣ ਤੀਕ ਫ਼ਿਲਮ ਦੀ ਰੋਕ ਲਈ ਕੋਈ ਕਦਮ ਨਹੀਂ ਉਠਾਇਆ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਰੋਸ ਮਗਰੋਂ ਸਿਨੇਮਾ ਪ੍ਰਬੰਧਕਾਂ ਵੱਲੋਂ ਫਿਲਮ ਨਾ ਚਲਾਉਣ ਦੇ ਫੈਸਲੇ ਦਾ ਸਵਾਗਤ ਕੀਤਾ। ਸ. ਮੰਨਣ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਫਿਲਮ ਨੂੰ ਪੰਜਾਬ ਅੰਦਰ ਕਿਸੇ ਵੀ ਕੀਮਤ 'ਤੇ ਨਹੀਂ ਚੱਲਣ ਦੇਵੇਗੀ। ਜੇਕਰ ਕਿਸੇ ਨੇ ਫਿਲਮ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਸ਼੍ਰੋਮਣੀ ਕਮੇਟੀ ਮੁੜ ਪ੍ਰਦਰਸ਼ਨ ਕਰੇਗੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਭਾਈ ਅਜਾਇਬ ਸਿੰਘ ਅਭਿਆਸੀ ਨੇ ਕਿਹਾ ਕਿ ਕੋਈ ਵੀ ਸਿੱਖ ਵਿਰੋਧੀ ਹਰਕਤ ਨੂੰ




ਪੰਜਾਬ ਦੇ ਵੱਖ-ਵੱਖ ਸ਼ਹਿਰਾਂ 'ਚ ਸਿਨੇਮਾ ਘਰਾਂ ਬਾਹਰ ਕੀਤਾ ਪ੍ਰਦਰਸ਼ਨ

ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਰਕਾਰਾਂ ਦੀ ਵੀ ਜ਼ੁੰਮੇਵਾਰੀ ਬਣਦੀ ਹੈ ਕਿ ਹਰ ਧਰਮ ਦੇ ਹਿੱਤਾਂ ਅਤੇ ਭਾਵਨਾਵਾਂ ਦਾ ਸਨਮਾਨ ਕੀਤਾ ਜਾਵੇ। ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪੰਜਾਬ ਅੰਦਰ ਇਸ ਫ਼ਿਲਮ 'ਤੇ ਰੋਕ ਲਗਾਉਣ ਲਈ ਕਿਹਾ ਸੀ, ਪਰ ਤਰਾਸਦੀ ਇਹ ਹੈ ਕਿ ਪੰਜਾਬ ਦੀ ਆਪ ਸਰਕਾਰ ਸਿੱਖ ਮਸਲਿਆਂ ਨੂੰ ਜਾਣਬੁਝ ਕੇ ਅਣਗੌਲਿਆਂ ਕਰ ਰਹੀ ਹੈ। ਇਹ ਸੂਬੇ ਦੇ ਹਿੱਤ ਵਿਚ ਨਹੀਂ ਹੈ। ਅੰਮ੍ਰਿਤਸਰ ਵਿਖੇ ਪ੍ਰਦਰਸ਼ਨ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਅਜਾਇਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਸ. ਤਜਿੰਦਰ ਸਿੰਘ ਪੱਡਾ, ਸ. ਪ੍ਰੀਤਪਾਲ ਸਿੰਘ, ਨਿੱਜੀ ਸਕੱਤਰ ਸ. ਸ਼ਾਹਬਾਜ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਪ੍ਰੋ. ਸੁਖਦੇਵ ਸਿੰਘ, ਸ. ਗੁਰਚਰਨ ਸਿੰਘ ਕੋਹਾਲਾ, ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਮਨਜੀਤ ਸਿੰਘ ਤਲਵੰਡੀ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ ਅਤੇ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦਾ ਸਟਾਫ ਮੌਜੂਦ ਸੀ।


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ
ਗੁਰੂਘਰਾਂ ਦੇ ਸੇਵਾਦਾਰ, ਸਾਰੀ ਦੁਨੀਆਂ ਵਿੱਚ ਸਿੱਖ ਧਰਮ ਸਰਬ ਸਾਂਝੀਵਾਲਤਾ ਦਾ ਪ੍ਰਚਾਰ ਅੰਮ੍ਰਿਤ ਸੰਚਾਰ ਕਰਨ,
ਪੰਥ ਦੀ ਚੜਦੀਕਲਾ ਲਈ ਹਰ ਸੰਘਰਸ਼ ਵਿੱਚ ਮੋਹਰੀ ਰੋਲ ਅਦਾ ਕਰਨ, ਲੋੜਵੰਦਾਂ ਦੀ ਮੱਦਦ ਕਰਨ,
ਹਰ ਸਾਲ ਗਰੀਬ ਬੱਚੀਆਂ ਦੇ ਵਿਆਹ ਕਰਨ, ਗੁਰਮਤਿ ਵਿਦਿਆ ਦਾ ਪਸਾਰ ਕਰਨ ਵਾਲੇ।
ਹਲਕਾ ਕਾਲਾਂਵਾਲੀ (ਵਾਰਡ ਨੰ: 35) ਤੋਂ ਤੁਹਾਡੇ ਆਪਣੇ ਸੇਵਾਦਾਰ ਉਮੀਦਵਾਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਜਾਦ
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ, ਹਰਿਆਣਾ ਸਿੱਖ
ਗੁਰਦੁਆਰਾ ਪ੍ਰਬੰਧਕ ਕਮੇਟੀ
ਸ: ਹਰਮੀਤ ਸਿੰਘ ਕਾਲਕਾ
ਪ੍ਰਧਾਨ, ਦਿੱਲੀ ਸਿੱਖ
ਗੁਰਦੁਆਰਾ ਪ੍ਰਬੰਧਕ ਕਮੇਟੀ
ਸਰਬੱਤ ਸੰਗਤਾਂ 19 ਜਨਵਰੀ 2025 ਨੂੰ
ਚੋਣ ਨਿਸ਼ਾਨ
ਸਮੁੰਦਰੀ ਜਹਾਜ
ਦੇ ਚੋਣ ਨਿਸ਼ਾਨ ਸਮੁੰਦਰੀ ਜਹਾਜ ਦਾ ਬਟਨ
ਦਬਾਕੇ ਕੇ ਉਨਾਂ ਨੂੰ ਜਿਤਾਓ ਅਤੇ ਪੰਥ ਦੀ ਸੇਵਾ
ਵਿੱਚ ਆਪਣਾ ਯੋਗਦਾਨ ਪਾ ਕੇ
ਧੰਨਵਾਦੀ ਬਣਾਉ ਜੀ।
ਸੰਪਰਕ: 93560-60960, 93560-60953, 97284-07015


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ
ਹਲਕਾ ਕਾਲਾਂਵਾਲੀ (ਵਾਰਡ ਨੰ: 35) ਤੋਂ
ਤੁਹਾਡੇ ਆਪਣੇ ਸੇਵਾਦਾਰ ਉਮੀਦਵਾਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਜਾਦ
ਸਰਬੱਤ ਸੰਗਤਾਂ 19 ਜਨਵਰੀ 2025 ਨੂੰ
ਚੋਣ ਨਿਸ਼ਾਨ ਸਮੁੰਦਰੀ ਜਹਾਜ ਦਾ ਬਟਨ ਦਬਾਕੇ ਕੇ ਉਨਾਂ ਨੂੰ ਜਿਤਾਓ ਅਤੇ
ਪੰਥ ਦੀ ਸੇਵਾ ਵਿੱਚ ਆਪਣਾ ਯੋਗਦਾਨ ਪਾ ਕੇ ਧੰਨਵਾਦੀ ਬਣਾਉ ਜੀ।
ਚੋਣ ਨਿਸ਼ਾਨ
ਸਮੁੰਦਰੀ ਜਹਾਜ
93560-60960
97284-07015


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ
ਵਾਰਡ ਨੰ: 35, ਹਲਕਾ ਕਾਲਾਂਵਾਲੀ ਤੋਂ ਉਮੀਦਵਾਰ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਜਾਦ
ਸੰਪਰਕ ਨੰ: 93560-60960, 93560-60953, 97284-07015
1.
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੋਣ ਨਿਸ਼ਾਨ
ਸਮੁੰਦਰੀ ਜਹਾਜ
2.
3.

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net





ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਤੇਰੇ ਜਨ ਪਰਉਪਕਾਰੀ ਆਏ

ਸੇਵਾਪੰਥੀ ਅੱਡਣਸ਼ਾਹੀ ਸੰਪ੍ਰਦਾਇ ਦੇ ਭੂਸ਼ਣ ਮਹਾਂਪੁਰਸ਼ ਸਚਖੰਡਵਾਸੀ ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ ਵਾਲਿਆਂ ਦੇ

**100 ਸਾਲਾ ਜਨਮ ਦਿਹਾੜੇ ਨੂੰ ਸਮਰਪਿਤ**

**51 ਬੇਟੀਆਂ ਦੇ ਸਮੂੰਹਿਕ ਆਨੰਦ ਕਾਰਜ**



ਸਚਖੰਡਵਾਸੀ
ਮਹੰਤ ਤੀਰਥ ਸਿੰਘ ਜੀ ਗੋਨਿਆਣਾ ਮੰਡੀ

ਮਿਤੀ - 12 ਫਰਵਰੀ 2025 ਨੂੰ ਕਰਵਾਏ ਜਾ ਰਹੇ ਹਨ।
ਸਭਾਗੀਆਂ ਬੱਚੀਆਂ ਨੂੰ ਘਰ ਵਿੱਚ ਵਰਤੋਂ ਵਿਹਾਰ ਦਾ ਸਾਜੋ ਸਮਾਨ ਦੇ ਕੇ ਸਤਿਕਾਰ ਸਹਿਤ ਵਿਦਾ ਕੀਤਾ ਜਾਵੇਗਾ।

ਸੁਭਾਗੀਆਂ ਜੋੜੀਆਂ ਦੇ ਪਰਿਵਾਰ ਇਹਨਾਂ ਨੰਬਰਾਂ ਤੇ ਸੰਪਰਕ ਕਰਨ - 7901754636, 9306060960, 8146806395, 8054055473



ਮਹੰਤ ਕਾਹਨ ਸਿੰਘ ਸੇਵਾਪੰਥੀ



ਸੰਤ ਰਣਜੀਤ ਸਿੰਘ ਸੇਵਾਪੰਥੀ

ਵਿਸ਼ੇਸ਼ ਸਹਿਯੋਗ -

**ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ**

ਚੇਅਰਮੈਨ, ਸੁੱਖ ਸੇਵਾ ਸਿਮਰਨ ਟਰਸੱਟ,
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ



ਬੇਨਤੀ ਕਰਤਾ - ਮਹੰਤ ਕਾਹਨ ਸਿੰਘ ਜੀ ਸੇਵਾਪੰਥੀ,ਸੰਤ ਰਣਜੀਤ ਸਿੰਘ ਜੀ ਸੇਵਾਪੰਥੀ ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ ਪੰਜਾਬ

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥




# ਮਹਾਨ ਸ਼ਹੀਦੀ ਸਮਾਗਮ

## 19 ਜਨਵਰੀ, 2025 (ਦਿਨ ਐਤਵਾਰ)

ਗੁਰੂ ਪਿਆਰੀ ਸਾਧ ਸੰਗਤ ਜੀ ਮੁਕਤਸਰ ਦੇ 40 ਮੁਕਤੇ ਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਹਰੇਕ ਸਾਲ ਦੀ ਤਰਾਂ ਸ਼ਹੀਦੀ ਸਮਾਗਮ ਹੋ ਰਿਹਾ ਹੈ । ਸਾਰੀਆਂ ਸੰਗਤਾਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਆਪ ਜੀ ਸਭ ਨੇ ਪਰਿਵਾਰ ਸਮੇਤ ਪਹਉਚਣ ਕ੍ਰਿਪਾਲਤਾ ਕਰਨੀ ਜੀ। ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

--★ ਪ੍ਰੋਗਰਾਮ ★--

19 ਜਨਵਰੀ 2025 ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਦਾ ਸਵੇਰੇ 10 ਵਜੇ

ਸ਼ਬਦ ਕੀਰਤਨ ,ਕਥਾ ਅਤੇ ਢਾਡੀ ਜਥਾ ਪ੍ਰਸੰਗ ਸੁਣਾਵੇਗਾ

ਆਪ ਜੀ ਦਾ ਸਵਾਗਤ ਕਰਤਾ **ਸਰਦਾਰ ਬਲਜੀਤ ਸਿੰਘ ਕੰਗ ਅਤੇ ਪਰਿਵਾਰ**

★ ਵਧੇਰੇ ਜਾਣਕਾਰੀ 07780605230 ★

**Address: GURDWARA BABA SANG JI**

**9 St Paul's Rd, Smethwick Birmingham B66 1EE**

## ਅਕਾਲ ਤਖ਼ਤ ਮਹਾਨ ਹੈ - ਸਿੱਖ ਪੰਥ ਦੀ ਸ਼ਾਨ ਹੈ

## ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਅਕਾਲ ਤਖ਼ਤ ਸਾਹਿਬ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੂੰ ਹਾਂ ਸਮਰਪਿਤ



ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

## 19 ਜਨਵਰੀ 2025 ਨੂੰ

## ਆਮ ਚੋਣਾਂ ਸਬੰਧੀ

# ਸਾਡਾ ਚੋਣ ਮੈਨੀਫੈਸਟੋ



ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁ. ਪ੍ਰ. ਕਮੇ.
ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਆਜ਼ਾਦ

॥ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

1. ਸਾਡੇ ਪ੍ਰਬੰਧ ਵਿੱਚ ਗੁਰੂਘਰਾਂ ਦੀਆਂ ਸੁੰਦਰ ਇਮਾਰਤਾਂ ਦਰਬਾਰ ਸਾਹਿਬ,ਦੀਵਾਨ ਹਾਲ ਸੰਗਤਾਂ ਲਈ ਰਿਹਾਇਸ਼ੀ ਏ.ਸੀ. ਸਰਾਵਾਂ ਸਟਾਫ਼ ਦੇ ਕੁਆਰਟਰ, ਹਰਿਆਣਾ ਕਮੇਟੀ ਦਾ ਮੁੱਖ ਦਫ਼ਤਰ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਨਾਮ ਉੱਪਰ ਬਨਾਉਣ ਅਤੇ ਮਲਟੀਪਰਪਜ ਹਾਲ ਬਣਾਉਣ ਲਈ ਵੱਖ-ਵੱਖ ਮਹਾਂਪੁਰਸ਼ਾਂ ਦੀ ਕਾਰ ਸੇਵਾ ਸ਼ੁਰੂ ਕਰਵਾਈ ਗਈ ਹੈ ਅਤੇ ਕਮੇਟੀ ਵੱਲੋਂ ਸੀਮਿੰਟ ਸਰੀਆ ਕਾਰ ਸੇਵਾ ਲਈ ਭੇਟ ਕੀਤਾ ਜਾ ਰਿਹਾ ਹੈ, ਇੰਨ੍ਹਾਂ ਕਾਰ ਸੇਵਾਵਾਂ ਨੂੰ ਨਿਰੰਤਰ ਜਾਰੀ ਰੱਖ ਕੇ ਪੂਰਾ ਕਰਵਾਇਆ ਜਾਵੇਗਾ।

2. ਸਾਡੇ ਪ੍ਰਬੰਧ ਦੌਰਾਨ ਧਰਮ ਪ੍ਰਚਾਰ ਦੇ ਮੁੱਖ ਦਫ਼ਤਰ ਤੋਂ ਇਲਾਵਾ 3 ਸਬ-ਦਫ਼ਤਰ ਗੁਰਦੁਆਰਾ ਨਾਢਾ ਸਾਹਿਬ ਪਾਤਸ਼ਾਹੀ 10ਵੀਂ ਪੰਚਕੂਲਾ, ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ 9ਵੀਂ ਜੀਂਦ,ਗੁਰਦੁਆਰਾ ਪਾਤਸ਼ਾਹੀ 10ਵੀਂ ਸਿਰਸਾ ਵਿਖੇ ਖੋਲੇ ਗਏ ਹਨ, ਜਿੱਥੋਂ ਸਾਡੇ ਧਰਮ ਪ੍ਰਚਾਰ ਦੇ ਜੱਥੇ ਰਾਗੀ ਢਾਡੀ ਕਵੀਸ਼ਰ ਕਥਾਵਾਚਕ ਪਿੰਡਾਂ ਵਿੱਚ ਜਾ ਕੇ ਭੇਟਾ ਰਹਿਤ ਧਰਮ ਪ੍ਰਚਾਰ ਕਰ ਰਹੇ ਹਨ, ਇਸ ਧਰਮ ਪ੍ਰਚਾਰ ਦੀ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।

3. ਸਾਡੇ ਪ੍ਰਬੰਧ ਦੌਰਾਨ ਨਵੀਆਂ ਕਾਰਾਂ ਲੈ ਕੇ ਧਰਮ ਪ੍ਰਚਾਰ ਦਫ਼ਤਰਾਂ ਦੇ ਜੱਥਿਆਂ ਨੂੰ ਦਿੱਤੀਆਂ ਗਈਆਂ ਹਨ, ਜਿੰਨ੍ਹਾਂ ਤੇ ਉਹ ਪਿੰਡਾਂ ਵਿੱਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਲਈ ਜਾਂਦੇ ਹਨ।ਇਸ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।

4. ਸਾਡੇ ਪ੍ਰਬੰਧ ਵਿੱਚ ਚੱਲ ਰਹੇ 3 ਸਕੂਲਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਦੀ ਪੜ੍ਹਾਈ ਬਿਲਕੁਲ ਫਰੀ ਕੀਤੀ ਗਈ ਹੈ, 2 ਕਾਲਜਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਵਜ਼ੀਫ਼ੇ ਦਿੱਤੇ ਗਏ ਹਨ, ਇਸ ਸੇਵਾ ਨੂੰ ਅੱਗੇ ਵੀ ਜਾਰੀ ਰੱਖਿਆ ਜਾਵੇਗਾ ।

5. ਸਾਡੇ ਪ੍ਰਬੰਧ ਤੋਂ ਪਹਿਲਾਂ ਕੀਤੀ ਗਈ ਗੁਰੂ ਕੀ ਗੋਲਕ ਦੀ ਲੁੱਟ ਨੂੰ ਮੁੜ ਗੁਰੂ ਕੀ ਗੋਲਕ ਵਿੱਚ ਭਰਵਾਇਆ ਗਿਆ ਹੈ ਅਤੇ ਮੈਂਬਰ ਦੀ ਮੈਂਬਰਸ਼ਿਪ ਰੱਦ ਕੀਤੀ ਗਈ।

6. ਸਾਡੇ ਪ੍ਰਬੰਧ ਤੋਂ ਪਹਿਲਾ 15-15 ਸਾਲ ਤੋਂ ਕੰਟਰੈਕਟ ਬੇਸ ਤੇ ਚੱਲ ਰਹੇ ਕਮੇਟੀ ਮੁਲਾਜ਼ਮਾਂ ਨੂੰ ਪੱਕੇ ਕੀਤਾ ਗਿਆ ਹੈ ਅਤੇ ਯੋਗ ਨੌਜਵਾਨਾਂ ਦੀ ਨਵੀਂ ਭਰਤੀ ਕੀਤੀ ਗਈ ਹੈ।ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਅੱਗੇ ਵੀ ਮੁਲਾਜ਼ਮਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ।

7. ਸਾਡੇ ਪ੍ਰਬੰਧ ਅਧੀਨ ਵੱਖ ਵੱਖ ਗੁਰਦੁਆਰਿਆਂ ਵਿੱਚ ਮੁਫ਼ਤ ਮੈਡੀਕਲ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

8. ਮੀਰੀ ਪੀਰੀ ਹਸਪਤਾਲ ਦਾ ਪ੍ਰਬੰਧ ਜਲਦੀ ਲੈ ਕੇ ਮੈਡੀਕਲ ਕਾਲਜ ਖੋਲਿਆ ਜਾਵੇਗਾ ਜਿਸ ਦੀ ਕਾਨੂੰਨੀ ਪ੍ਰਕਿਰਿਆ ਚੱਲ ਰਹੀ ਹੈ, ਤਾਂ ਕੇ ਹਰਿਆਣਾ ਦੇ ਸਿੱਖ ਬੱਚੇ ਡਾਕਟਰੀ ਦੀ ਪੜ੍ਹਾਈ ਕਰ ਸਕਣ।

9. ਸਾਡੇ ਵੱਲੋਂ IAS, IPS, IRS ਤੇ ਅਜਿਹੀਆਂ ਹੋਰ ਪ੍ਰਿਖਿਆਂਵਾਂ ਦੀ ਤਿਆਰੀ ਮੁਫ਼ਤ ਕਰਾਉਣ ਦੇ ਉਪਰਾਲੇ ਚੱਲ ਰਹੇ ਹਨ ਅਤੇ ਇਹਨਾਂ ਸੇਵਾਵਾਂ ਦਾ ਹੋਰ ਵਿਸਤਾਰ ਕੀਤਾ ਜਾਵੇਗਾ।

10. ਸਾਡੇ ਪ੍ਰਬੰਧ ਵਲੋਂ ਪੰਥਕ ਕਾਰਜਾਂ ਲਈ ਜੇਲਾਂ ਵਿੱਚ ਬੰਦ ਬੰਦੀ ਸਿੰਘਾਂ ਦੇ ਕਈ ਪ੍ਰੀਵਾਰਾਂ ਦੀ ਆਰਥਿਕ ਮੱਦਦ, ਕੈਂਸਰ ਆਦਿਕ ਭਿਆਨਕ ਬੀਮਾਰੀਆਂ ਤੋਂ ਪੀੜਤਾਂ ਦੀ ਆਰਥਿਕ ਮੱਦਦ ਕੀਤੀ ਜਾਂਦੀ ਹੈ ਜੋ ਨਿਰੰਤਰ ਜਾਰੀ ਰਹੇਗੀ।

11. ਸਾਡੇ ਪ੍ਰਬੰਧ ਵਲੋਂ ਲੋੜਵੰਦ ਪ੍ਰੀਵਾਰਾਂ ਦੇ ਹੋਰ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀਆਂ ਵੀ ਫੀਸਾਂ ਭਰੀਆਂ ਗਈਆਂ ਹਨ, ਇਹ ਸੇਵਾ ਨਿਰੰਤਰ ਜਾਰੀ ਰੱਖੀ ਜਾਵੇਗੀ ਅਤੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

12. ਸਾਡੇ ਪ੍ਰਬੰਧ ਵਲੋਂ ਯਾਤਰੀ ਸਿੱਖ ਸੰਗਤਾਂ ਲਈ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਏ.ਸੀ. ਸਰਾਵਾਂ ਜਲਦ ਬਣਾਈਆਂ ਜਾਣਗੀਆਂ।

13. ਸਾਡੇ ਵਲੋਂ ਲੋੜਵੰਦ ਪ੍ਰੀਵਾਰਾਂ ਦੀਆਂ ਸੈਂਕੜੇ ਬੱਚੀਆਂ ਦੇ ਸਮੂਹਿਕ ਵਿਆਹ ਪਿਛਲੇ ਸਮੇਂ ਵਿੱਚ ਕੀਤੇ ਗਏ ਹਨ ਅਤੇ ਉਹਨਾਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਲੋੜੀਂਦਾ ਸਾਜੋਂ ਸਮਾਨ ਦੇ ਕੇ ਵਿਦਾ ਕੀਤਾ ਜਾਂਦਾ ਹੈ ਇਹ ਸੇਵਾ ਨਿਰੰਤਰ ਜਾਰੀ ਰਹੇਗੀ ਅਤੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

**ਜੋ ਕਿਹਾ - ਉਹ ਕੀਤਾ**
**ਜੋ ਕਹਾਂਗੇ - ਉਹ ਕਰਾਂਗੇ**


ਨਾਨਕ ਨਾਮ ਚੜ੍ਹਦੀਕਲਾ, ਤੇਰੇ ਭਾਣੇ ਸਰਬੱਤ ਦਾ ਭਲਾ
ਲੋੜਵੰਦ ਪਰਿਵਾਰਾਂ ਦੀਆਂ
72 ਬੱਚੀਆਂ ਦੇ ਸਮੂਹਿਕ ਆਨੰਦ ਕਾਰਜ
51 ਬੱਚੀਆਂ ਦੇ ਅਨੰਦ ਕਾਰਜ
ਮਿਤੀ 12 ਫਰਵਰੀ 2025
ਸਥਾਨ:-
ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ ਬਠਿੰਡਾ
21 ਬੱਚੀਆਂ ਦੇ ਅਨੰਦ ਕਾਰਜ
ਮਿਤੀ 23 ਫਰਵਰੀ 2025
ਸਥਾਨ:-
ਗੁਰਦੁਆਰਾ ਗੁਰੂ ਗੁੰਬਸਰ ਦਾਦੂ ਸਾਹਿਬ ਸਿਰਸਾ
ਹਰ ਸਾਲ ਦੀ ਤਰਾਂ ਬੱਚੀਆਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਲੋੜੀਂਦਾ ਸਾਜ਼ੋ ਸਮਾਨ ਦੇ ਕੇ ਵਿਦਾ ਕੀਤਾ ਜਾਵੇਗਾ
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਬੱਚੀਆਂ ਦੇ ਨਾਮ ਦਰਜ ਕਰਾਉਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ ਜੀ
93560-60960, 81468-06395, 80540-55473
ਬੇਨਤੀ ਕਰਤਾ -
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਸੁੱਖ ਸੇਵਾ ਸਿਮਰਨ ਟਰੱਸਟ
ਚੇਅਰਮੈਨ, ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਆਜ਼ਾਦ ਅਤੇ ਸਮੂੰਹ ਸਾਧ ਸੰਗਤ


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥
ਅੰਤਿਮ ਅਰਦਾਸ
ਮਰਦੇ ਮੁਜ਼ਾਹਿਦ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ
1978 ਦੇ ਵਾਪਰੇ ਨਕਲੀ ਨਿਰੰਕਾਰੀ ਕਾਂਡ ਦੇ ਅਮਰ ਸ਼ਹੀਦ ਭਾਈ ਫੌਜਾ ਸਿੰਘ
ਬੀਬੀ ਅਮਰਜੀਤ ਕੌਰ
ਧਰਮ ਸੁਪਤਨੀ ਅਮਰ ਸ਼ਹੀਦ ਭਾਈ ਫੌਜਾ ਸਿੰਘ
ਆਵਾਜ਼ਿ ਕੌਮ AWAZE QAUM International Newspaper & WEB TV
ਮਿਤੀ 19 ਜਨਵਰੀ 2025 ਦਿਨ ਐਤਵਾਰ | ਸਮਾਂ ਦਿਨੇਂ 10 ਤੋਂ 2 ਵਜੇ ਤੱਕ
ਸਥਾਨ ਮਨੁਖਤਾ ਦਾ ਘਰ, ਸ਼ਹੀਦ ਭਾਈ ਫੌਜਾ ਸਿੰਘ ਪਬਲਿਕ ਚੈਰੀਟੇਬਲ ਟਰਸੱਟ ਸਨਸਿਟੀ
ਨਜਦੀਕ ਬਿਜਲੀ ਘਰ ਵੇਰਕਾ, ਬਟਾਲਾ ਰੋਡ, ਸ੍ਰੀ ਅੰਮ੍ਰਿਤਸਰ ਸਾਹਿਬ
ਜਾਰੀ ਕਰਤਾ: ਸਮੂਹ ਟਰਸਟੀ ਮੈਂਬਰ ਸ਼ਹੀਦ ਭਾਈ ਫੌਜਾ ਸਿੰਘ ਪਬਲਿਕ ਚੈਰੀਟੇਬਲ ਟਰਸੱਟ
ਅਤੇ ਸਮੂਹ ਇੰਟਰਨੈਸ਼ਨਲ ਅਖੰਡ ਕੀਰਤਨੀ ਜਥਾ
ਸੰਪਰਕ 97812-33337 78377-48598

# AWAZE QAUM TOUR & TRAVEL UK &

## SINGH TRAVEL CANADA JATHA

15 ਸਾਲ ਤੋਂ ਸੰਗਤਾਂ ਦੀ ਸੇਵਾ ਕਰ ਰਹੇ ਹਾਂ – YATRA SEWA SINCE 2010

# YATRA NANKANA SAHIB

WE WILL ALSO BE VISITING 25+ GURDWARA'S AND HISTORICAL PLACES

## 20 FEBRUARY TO 27 FEBRUARY, 2025

UK, EUROPE, ITALY, CANADA, USA SANGAT CAN JOIN OUR JATHA WITH FAMILIES & FRIENDS









### YATRA INCLUDES:

- GURDWARA NANKANA SAHIB
- GURDWARA PATTI SAHIB
- GURDWARA TAMBU SAHIB
- GURDWARA KIARA SAHIB
- GURDWARA MALJI SAHIB
- GURDWARA BAL LILA SAHIB
- GURDWARA SACHA SAUDA
- GURDWARA RORI SAHIB
- GURDWARA PANJA SAHIB
- GURDWARA BEBE DI BER SIALKOT
- GURDWARA DERA SAHIB
- JANAM ASTHAN BEBE NANKI JI
- BHAI LALU JI DA GHAR
- JANAM ASTHAN GURU RAMDAS JI
- GURDWARA SHRI KARTARPUR SAHIB
- GURDWARA SHAHEED GANJ LAHORE
- MATA SAHIB KAUR JI JANAM ASTHAN
- DARBAR SAI MIAN MIR JI
- SHAHI QILA (SIKH FORT)
- SHOPPING AT ANARKALI BAZAR

Yatra Booking, Please contact:

**RAGHBIR SINGH**

**Tel: +44 7976 210161**

### YATRA PACKAGE INCLUDES:

PAKISTAN VISA + HOTEL (TWIN SHARED) + LUXURY TRANSPORT + VEG FOOD + MINERAL WATER + TRIP YATRA PHOTO & VIDEOS + WiFi & MUCH MORE

**CANADA. +1 647-231-1600 - USA. +1 716-342-6007**




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੰਘਰਸ਼ੀ ਯੋਧੇ ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਵੱਲੋਂ ਲਿਖੀ

# ਜੰਗੀ ਯੋਧੇ (ਸ਼ਹੀਦਾਂ ਦੀ ਗਾਥਾ) ਕਿਤਾਬ ਦਾ ਪੰਥਕ ਸਫ਼ਾਂ 'ਚ ਸਵਾਗਤ

ਇਸ ਸਮੇਂ ਪੰਥਕ ਸਫ਼ਾਂ 'ਚ ਜੰਗੀ ਯੋਧੇ (ਸ਼ਹੀਦਾਂ ਦੀ ਗਾਥਾ) ਕਿਤਾਬ ਚਰਚਾ ਵਿੱਚ ਹੈ ਜੋ ਸੰਘਰਸ਼ੀ ਯੋਧੇ ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਵੱਲੋਂ ਲਿਖੀ ਗਈ ਹੈ। ਇਹ ਕਿਤਾਬ 1 ਜਨਵਰੀ 2025 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਸ਼ਹੀਦੀ ਸਮਾਗਮ 'ਚ ਪੰਜ ਸ਼ਹੀਦਾਂ ਦੇ ਪਰਿਵਾਰਾਂ ਵੱਲੋਂ ਜਾਰੀ ਕੀਤੀ ਗਈ ਸੀ। ਤਿੰਨ ਹਜ਼ਾਰ ਦੀ ਗਿਣਤੀ 'ਚ ਛਪੀ ਇਹ ਕਿਤਾਬ ਜੋ ਸ਼ਹੀਦਾਂ ਦੇ ਪਰਿਵਾਰਾਂ ਅਤੇ ਪੰਥਕ ਸ਼ਖਸੀਅਤਾਂ ਤੱਕ ਪਹੁੰਚਾਈ ਜਾ ਰਹੀ ਹੈ। ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਦਾ ਸੁਪਨਾ ਹੈ ਕਿ ਸਾਡੇ ਕੌਮੀ ਸ਼ਹੀਦ ਅਣਗੋਲੇ ਨਾ ਰਹਿ ਜਾਣ, ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਹਨਾਂ ਸ਼ਹੀਦਾਂ ਬਾਰੇ ਪਤਾ ਹੋਣਾ ਚਾਹੀਦਾ ਹੈ। ਕਿਤਾਬ ਵਿੱਚ ਮਾਲਵੇ ਨਾਲ ਸੰਬੰਧਤ 30 ਸ਼ਹੀਦ ਸਿੰਘਾਂ ਦੀਆਂ ਜੀਵਨੀਆਂ ਹਨ ਜਿਨ੍ਹਾਂ ਨੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਅਰੰਭੇ ਖ਼ਾਲਿਸਤਾਨ ਦੇ ਹਥਿਆਰਬੰਦ ਸੰਘਰਸ਼ ਵਿੱਚ ਜੂਝਦਿਆਂ ਆਪਣੀਆਂ ਜਿੰਦੜੀਆਂ ਵਾਰ ਦਿੱਤੀਆਂ।



ਕਿਤਾਬ ਵਿੱਚ ਉਸ ਸਮੇਂ ਦਾ ਇਤਿਹਾਸ ਦਰਜ਼ ਹੈ ਜਦੋਂ ਨੌਜਵਾਨਾਂ ਨੂੰ ਘਰਾਂ-ਖੇਤਾਂ ਵਿੱਚੋਂ ਚੁੱਕ ਕੇ ਝੂਠੇ ਪੁਲੀਸ ਮੁਕਾਬਲੇ ਬਣਾਏ ਗਏ, ਲਵਾਰਿਸ ਕਹਿ ਕੇ ਸਾੜੇ ਗਏ, ਪੱਤਾ-ਪੱਤਾ ਸਿੰਘਾਂ ਦਾ ਵੈਰੀ ਬਣ ਗਿਆ, ਜੁਝਾਰੂ ਸਿੰਘਾਂ ਦੇ ਸਿਰਾਂ ਦੇ ਮੁੱਲ ਪਏ, ਠਾਹਰਾਂ ਦੇਣ ਵਾਲ਼ਿਆਂ ਦੇ ਵੀ ਘਰ ਢਾਹ ਦਿੱਤੇ ਗਏ, ਪੂਰਾ ਪੰਜਾਬ ਜ਼ੁਲਮ ਦੀ ਚੱਕੀ 'ਚ ਪੀਸਿਆ ਗਿਆ। ਪਰ ਸਿੱਖ ਕੌਮ ਨੇ ਜ਼ਾਲਮ ਹਕੂਮਤ ਦੀ ਈਨ ਨਾ ਮੰਨੀ, ਖ਼ਾਲਿਸਤਾਨ ਦੀ ਅਜ਼ਾਦੀ ਦੀ ਇਸ ਜੰਗ 'ਚ ਹਰ ਕਿਸਮ ਦਾ ਤਸ਼ੱਦਦ ਝੱਲਿਆ ਤੇ ਇੱਕ ਨਵੇਂ ਇਤਿਹਾਸ ਨੂੰ ਜਨਮ ਦਿੱਤਾ।

ਹਥਿਆਰਬੰਦ ਲੜਾਈ ਲੜ ਰਹੇ ਖ਼ਾਲਿਸਤਾਨੀ ਜੁਝਾਰੂਆਂ ਨੇ ਸਰਕਾਰ ਨੂੰ ਵਕਤ ਪਾਈ ਰੱਖਿਆ, ਚੋਟੀ ਦੇ ਕਾਰਨਾਮੇ ਕੀਤੇ, ਬੇਸ਼ੁਮਾਰ ਜ਼ਾਲਮ ਗੱਡੀ ਚਾੜ੍ਹੇ ਗਏ। ਸਿੱਖੀ ਪ੍ਰਚਾਰ ਅਤੇ ਸਮਾਜ ਸੁਧਾਰ ਲਹਿਰ ਵੀ ਚਲਾਈ ਗਈ। ਅਕਸਰ ਹੀ ਲੋਕ ਅੱਜ ਵੀ ਜੁਝਾਰੂ ਸੰਘਰਸ਼ ਦੇ ਸੋਹਿਲੇ ਗਾਉਂਦੇ ਹਨ। ਜਦੋਂ ਅਸੀਂ ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿੱਚ ਖ਼ਾਲਿਸਤਾਨੀ ਸ਼ਹੀਦਾਂ ਬਾਰੇ ਲਿਖਣ ਜਾਂਦੇ ਹਾਂ ਤਾਂ ਲੋਕ ਬੜੇ ਮਾਣ ਨਾਲ਼ ਘਟਨਾਵਾਂ ਸੁਣਾਉਂਦੇ ਹਨ। ਉਹ ਜੁਝਾਰੂ-ਸੂਰਮੇ ਆਪਣਾ ਖ਼ੂਨ ਡੋਲ੍ਹ ਕੇ ਜੋ ਸੁਨਹਿਰੀ ਇਤਿਹਾਸ ਰਚ ਗਏ ਉਸ ਨੂੰ ਕਾਗਜ਼ ਦੀ ਹਿੱਕ ਉੱਤੇ ਉੱਕਰਨ ਦੀ ਬੜੀ ਲੋੜ ਹੈ।



**ਜੱਥੇਦਾਰ ਸੁਰਿੰਦਰ ਸਿੰਘ ਠੀਕਰੀਵਾਲ**
**ਮੁਖ ਸੇਵਾਦਾਰ ਜੱਥਾ ਠੀਕਰੀਵਾਲ**

ਭਾਈ ਸਰਬਜੀਤ ਸਿੰਘ ਘੁਮਾਣ ਦੀ ਪ੍ਰੇਰਨਾ ਸਦਕਾ ਦਾਸ ਨੇ 'ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ' ਨਾਮੀ ਕਿਤਾਬਾਂ ਖ਼ਾਲਸਾ ਪੰਥ ਦੀ ਝੋਲ਼ੀ ਵਿੱਚ ਪਵਾਈਆਂ, ਬੇਅੰਤ ਸ਼ਹੀਦਾਂ ਦੇ ਪਰਿਵਾਰਾਂ ਦੀ ਮਾਇਕੀ ਮਦਦ ਵੀ ਕਰਵਾਈ। ਮੇਰੇ ਲਈ ਓਦੋਂ ਹੋਰ ਵੀ ਖ਼ੁਸ਼ੀ ਦੀ ਗੱਲ ਸੀ ਜਦੋਂ ਸ਼ਹੀਦਾਂ ਦਾ ਇਤਿਹਾਸ ਸਾਂਭਣ ਵਿੱਚ ਭਾਈ ਸੁਰਿੰਦਰ ਸਿੰਘ ਠੀਕਰੀਵਾਲ ਵੀ ਸਰਗਰਮ ਹੋ ਗਏ ਤੇ ਹੁਣ ਉਹਨਾਂ ਦੀ ਪਲੇਠੀ ਕਿਤਾਬ 'ਜੰਗੀ ਯੋਧੇ' ਸੰਗਤਾਂ ਦੇ ਹੱਥਾਂ 'ਚ ਹੈ।

ਸ਼ਹੀਦਾਂ ਦਾ ਇਤਿਹਾਸ ਲਿਖਣਾ ਸ਼ਹੀਦਾਂ ਦੀ ਬਖ਼ਿਸ਼ਸ਼ ਹੈ, ਕਰੜੀ ਘਾਲਣਾ ਘਾਲਣੀ ਪੈਂਦੀ ਹੈ। ਸਰਕਾਰੀ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।

ਅਫ਼ਰੀਕਨ ਅਖਾਣ ਹੈ ਕਿ "ਜਦੋਂ ਤਕ ਸ਼ੇਰਾਂ ਦੇ ਆਪਣੇ ਇਤਿਹਾਸਕਾਰ ਪੈਦਾ ਨਹੀਂ ਹੁੰਦੇ, ਹਮੇਸ਼ਾਂ ਸ਼ਿਕਾਰੀ ਦੀ ਬਹਾਦਰੀ ਦੀ ਗਾਥਾ ਲਿਖੀ ਜਾਵੇਗੀ, ਸ਼ੇਰ ਦੀ ਨਿਰਭੈਅਤਾ ਦੀ ਕਹਾਣੀ ਸ਼ਿਕਾਰੀ ਦੇ ਇਤਿਹਾਸਕਾਰ ਨੇ ਤਾਂ ਲਿਖਣੀ ਨਹੀਂ, ਉਹ ਤਾਂ ਕੋਈ ਸ਼ੇਰ ਦਾ ਹਮਦਰਦ ਹੀ ਲਿਖੇਗਾ।" ਸੋ ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਨੇ ਖ਼ਾਲਿਸਤਾਨੀ ਸ਼ਹੀਦਾਂ ਬਾਰੇ ਲਿਖਣ-ਛਾਪਣ ਦਾ ਅਹਿਦ ਕਰ ਲਿਆ ਹੈ ਜੋ ਖ਼ਾਲਿਸਤਾਨੀ ਸੰਘਰਸ਼ ਲਈ ਲਾਹੇਵੰਦ ਕਾਰਜ ਹੈ।

ਭਾਈ ਸੁਰਿੰਦਰ ਸਿੰਘ ਠੀਕਰੀਵਾਲ ਨਾਲ ਮੇਰੀ ਸਾਂਝ ਦਸ ਸਾਲ ਤੋਂ ਵੀ ਪੁਰਾਣੀ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਮਾਮਲੇ, ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਤੇ ਬਾਪੂ ਸੂਰਤ ਸਿੰਘ ਦੀਆਂ ਭੁੱਖ ਹੜਤਾਲਾਂ ਵੇਲ਼ੇ, ਬੰਦੀ ਸਿੰਘਾਂ ਦੀ ਰਿਹਾਈ ਅਤੇ ਸਰਬੱਤ ਖ਼ਾਲਸਾ ਸਮੇਂ ਤੇ ਕਈ ਹੋਰ ਪੰਥਕ ਮੋਰਚਿਆਂ, ਸੰਘਰਸ਼ਾਂ ਤੇ ਸਰਗਰਮੀਆਂ 'ਚ ਅਸੀਂ ਇਕੱਠੇ ਸਰਗਰਮ ਅਤੇ ਰਾਬਤੇ 'ਚ ਰਹੇ। ਭਾਈ ਸੁਰਿੰਦਰ ਸਿੰਘ ਠੀਕਰੀਵਾਲ ਨੂੰ ਕਈ ਵਾਰ ਪੁਲੀਸ ਨੇ ਗ੍ਰਿਫ਼ਤਾਰ ਕੀਤਾ, ਤਸ਼ੱਦਦ ਦਾ ਸ਼ਿਕਾਰ ਬਣਾਇਆ, ਉਸ ਉੱਤੇ ਕਈ ਕੇਸ ਪਾਏ ਗਏ, ਡਰਾਉਣ ਅਤੇ ਝੁਕਾਉਣ ਦਾ ਯਤਨ ਕੀਤਾ, ਘਰ-ਪਰਿਵਾਰ ਉਜਾੜਿਆ ਤੇ ਉਸ ਦੇ ਪਿਤਾ ਜੀ ਨੂੰ ਵੀ ਨਿਸ਼ਾਨਾ ਬਣਾਇਆ। ਪਰ ਪੰਥਕ ਜਜ਼ਬੇ ਵਿੱਚ ਰੰਗਿਆ ਭਾਈ ਸੁਰਿੰਦਰ ਸਿੰਘ ਪੰਥਕ ਕਾਰਜਾਂ ਵਿੱਚ ਡਟਿਆ ਰਿਹਾ।

ਆਵਾਜ਼ਿ ਕੌਮ AWAZE QAUM International Newspaper & WEB TV

ਭਾਈ ਸੁਰਿੰਦਰ ਸਿੰਘ ਠੀਕਰੀਵਾਲ ਦੀ ਰਿਹਾਈ ਸਮੇਂ ਜਦੋਂ ਅਸੀਂ ਉਸ ਨੂੰ ਸਨਮਾਨਿਤ ਕਰਦੇ ਸਾਂ ਤਾਂ ਉਸ ਦੇ ਮਨ ਵਿੱਚ ਹਕੂਮਤ ਦਾ ਰੱਤਾ ਵੀ ਖ਼ੌਫ਼ ਨਹੀਂ ਸੀ ਹੁੰਦਾ ਤੇ ਉਹ ਮੁੜ ਸੰਘਰਸ਼ਸ਼ੀਲ ਹੋਣ ਲਈ ਤਿਆਰ-ਬਰ-ਤਿਆਰ ਹੁੰਦਾ ਸੀ। ਇਸੇ ਕਰਕੇ ਉਹ ਪੁਲੀਸ ਅਤੇ ਸਰਕਾਰ ਦੀਆਂ ਨਜ਼ਰਾਂ ਵਿੱਚ ਵਾਰ-ਵਾਰ ਚੁੱਭਦਾ ਸੀ। ਉਸ ਨੇ ਮਾਲਵੇ ਖੇਤਰ ਵਿੱਚ ਆਪਣਾ ਮਜ਼ਬੂਤ ਆਧਾਰ ਬਣਾ ਲਿਆ ਹੋਇਆ ਸੀ, ਇਸ ਗੱਲ ਨੂੰ ਪ੍ਰਤੱਖ ਅਸੀਂ ਓਦੋਂ ਵੇਖਿਆ ਜਦੋਂ 1 ਜੂਨ 2015 ਨੂੰ ਜੂਨ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਬਰਨਾਲਾ ਤੋਂ ਸ੍ਰੀ ਅੰਮ੍ਰਿਤਸਰ ਤਕ ਵਿਸ਼ਾਲ ਮਾਰਚ ਲਿਆਂਦਾ ਗਿਆ ਜਿਸ ਵਿੱਚ ਐਨੀ ਵੱਡੀ ਤਾਦਾਦ ਵਿੱਚ ਬੱਸਾਂ, ਗੱਡੀਆਂ ਤੇ ਮੋਟਰ ਸਾਇਕਲ ਸਨ ਕਿ ਬੇਸ਼ੁਮਾਰ ਸੰਗਤਾਂ ਦੀ ਗਿਣਤੀ ਕਰਨੀ ਬਹੁਤ ਔਖੀ ਗੱਲ ਸੀ ਤੇ ਅਸੀਂ ਸਾਰਿਆਂ ਨੇ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਸ਼ਿਵ ਸੈਨਾ ਨੂੰ ਵੰਗਾਰਿਆ ਸੀ।

ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਨੇ ਸਿੱਖੀ ਪ੍ਰਚਾਰ, ਪੰਥਕ ਸਰਗਰਮੀਆਂ, ਸ਼ਹੀਦੀ ਸਮਾਗਮ, ਮਾਰਚ-ਪ੍ਰਦਰਸ਼ਨ ਅਤੇ ਸਿੱਖ ਸੰਘਰਸ਼ ਵਿੱਚ ਅੱਗੇ ਹੋ ਕੇ ਜਿੱਥੇ ਅਹਿਮ ਭੂਮਿਕਾ ਨਿਭਾਈ, ਓਥੇ ਹੀ ਅਨੇਕਾਂ ਸ਼ਹੀਦਾਂ ਦੇ ਪਰਿਵਾਰਾਂ ਦੀ ਸਾਰ ਵੀ ਲਈ ਤੇ ਨਿਸ਼ਕਾਮ ਸਾਹਿਤ ਵੀ ਵੰਡਿਆ।

ਸੰਨ 2006 ਤੋਂ ਲੈ ਕੇ ਹੁਣ ਤਕ ਭਾਈ ਸੁਰਿੰਦਰ ਸਿੰਘ ਠੀਕਰੀਵਾਲਾ ਉੱਤੇ 17 ਦੇ ਕਰੀਬ ਕੇਸ ਬਣੇ ਹਨ। ਉਸ ਨੇ ਤਕਰੀਬਨ 6 ਸਾਲ 9 ਮਹੀਨੇ 27 ਦਿਨ ਜੇਲ੍ਹ ਕੱਟੀ ਹੈ। ਉਹ ਵੱਖ-ਵੱਖ ਸਮਿਆਂ ਵਿੱਚ ਬਰਨਾਲਾ, ਨਵੀਂ ਜੇਲ੍ਹ ਨਾਭਾ, ਸੰਗਰੂਰ, ਲੁਧਿਆਣਾ, ਸਕਿਓਰਟੀ ਜੇਲ੍ਹ ਨਾਭਾ, ਮੁਕਤਸਰ ਸਾਹਿਬ ਆਦਿਕ ਜੇਲ੍ਹਾਂ ਵਿੱਚ ਰਹੇ ਹਨ ਅਤੇ ਫ਼ਰੀਦਕੋਟ, ਖਰੜ, ਲੁਧਿਆਣਾ, ਜਲੰਧਰ, ਹੰਢਿਆਇਆ ਦੇ ਸੀ.ਆਈ.ਏ. ਸਟਾਫਾਂ ਤੇ ਮਾਈ ਕੀ ਸਰਾਂ ਪਟਿਆਲਾ, ਮਾਲ ਮੰਡੀ ਸ੍ਰੀ ਅੰਮ੍ਰਿਤਸਰ ਆਦਿਕ ਥਾਣਿਆਂ ਵਿੱਚ ਤਸ਼ੱਦਦ ਝੱਲਿਆ, ਉਸ ਦਾ ਪਰਿਵਾਰ 1987 ਤੋਂ ਸੰਘਰਸ਼ ਨਾਲ਼ ਜੁੜਿਆ ਤੇ ਸੰਘਰਸ਼ ਕਰਕੇ ਦੋ ਵਾਰ ਉੱਜੜਿਆ ਹੈ। ਪੁਲੀਸ ਦਾ ਸਤਾਇਆ ਉਹ ਅਮਰੀਕਾ ਜਾਣ ਲਈ ਮਜ਼ਬੂਰ ਹੋ ਗਿਆ, ਪਰ ਓਥੇ ਵੀ ਉਹ ਪੰਥਕ ਦਰਦ ਆਪਣੇ ਸੀਨੇ ਵਿੱਚ ਵਸਾਈ ਬੈਠਾ ਹੈ। ਗੁਰੂ ਸਾਹਿਬ ਅਗਾਂਹ ਵੀ ਸ਼ਹੀਦਾਂ ਦਾ ਇਤਿਹਾਸ ਕੌਮ ਦੀ ਝੋਲੀ ਵਿੱਚ ਪਵਾਉਣ ਦੀ ਸੇਵਾ ਲੈਂਦੇ ਰਹਿਣ, ਜੰਗੀ ਯੋਧੇ ਕਿਤਾਬ ਦਾ ਸਵਾਗਤ ਹੈ।

**- ਰਣਜੀਤ ਸਿੰਘ ਦਮਦਮੀ ਟਕਸਾਲ**
**(ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ)** ਮੋ : 88722-93883.

# ਸ. ਸਿਮਰਨਜੀਤ ਸਿੰਘ ਮਾਨ ਤੇ ਉਂਗਲ ਚੁੱਕਣ ਤੋਂ ਪਹਿਲਾਂ ਕਮਲਜੀਤ ਸਿੰਘ ਬਰਾੜ ਆਪਦੀ ਪੀੜੀ ਥੱਲੇ ਸੋਟਾ ਮਾਰੇ- ਸਤਿਨਾਮ ਸਿੰਘ ਰੱਤੋਕੇ

## ☛ ਕਮਲਜੀਤ ਸਿੰਘ ਬਰਾੜ ਦੇ ਪਿਤਾ ਜੀ ਚਾਹੁੰਦੇ ਤਾਂ ਕਾਂਗਰਸ ਕਦੇ ਵੀ ਸਾਡੇ ਜਥੇਦਾਰ ਸ਼ਹੀਦ ਗੁਰਦੇਵ ਸਿੰਘ ਕਉਂਕੇ ਜੀ ਨੂੰ ਗ੍ਰਿਫ਼ਤਾਰ ਨਹੀਂ ਸੀ ਕਰ ਸਕਦੀ, ਸ਼ਹੀਦੀ ਤਾਂ ਦੂਰ ਦੀ ਗੱਲ ਹੋਣੀ ਸੀ ☛ ਸਰਦਾਰ ਸਿਮਰਜੀਤ ਸਿੰਘ ਮਾਨ ਹੀ ਸਨ ਜਿਨ੍ਹਾਂ ਨੇ ਉਹਨਾਂ ਨੂੰ ਆਪਣੀ ਇੱਕ ਚਿੱਠੀ ਦੇ ਕੇ ਤੁਹਾਡੇ ਵਰਗੇ ਵਹਸ਼ੀਆਂ ਤੋਂ ਬਚਾਇਆ ਹੈ

**ਬਰਨਾਲਾ, 17 ਜਨਵਰੀ (ਰਸ਼ਿਪੰਦਰ ਕੌਰ ਗਿੱਲ)**-ਪਿਛਲੇ ਦਿਨਾਂ ਤੋਂ ਇੱਕ ਮੁੱਦਾ ਚੱਲ ਰਿਹਾ ਹੈ ਕਿ ਕਮਲਜੀਤ ਸਿੰਘ ਬਰਾੜ ਜੋ 2024 ਵਿੱਚ ਲੁਧਿਆਣੇ ਤੋਂ ਐਮ.ਪੀ ਦੀ ਇਲੈਕਸ਼ਨ ਲੜੇ ਹਨ, ਉਹਨਾਂ ਨੇ ਇੱਕ ਚੈਨਲ ਤੇ ਇੰਟਰਵਿਊ ਦਿੰਦੇ ਹੋਏ ਸਰਦਾਰ ਸਿਮਰਜੀਤ ਸਿੰਘ ਮਾਨ ਤੇ ਕੁਝ ਟਿੱਪਣੀਆਂ ਕੀਤੀਆਂ ਸੀ। ਕਮਲਜੀਤ ਸਿੰਘ ਬਰਾੜ ਕਹਿੰਦੇ ਹਨ ਕਿ ਸਰਦਾਰ ਸਿਮਰਜੀਤ ਸਿੰਘ ਮਾਨ ਤਿੰਨ ਵਾਰੀ ਮੈਂਬਰ ਆਫ ਪਾਰਲੀਮੈਂਟ ਰਹਿ ਚੁੱਕੇ ਹਨ। ਉਹਨਾਂ ਨੇ ਸਿਰਫ ਗੱਲਾਂ ਹੀ ਕੀਤੀਆਂ ਹਨ ਹੋਰ ਕੁਝ ਨਹੀਂ ਕੀਤਾ ਇੱਥੇ ਮੈਂ ਉਹਨਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਪਿਤਾ ਦਰਸ਼ਨ ਸਿੰਘ ਜੀ ਨੇ ਜੋ ਸਿੱਖਾਂ ਦਾ ਘਾਣ ਕੀਤਾ ਸੀ ਕਿ ਤੁਸੀਂ ਉਸ ਬਾਰੇ ਵੀ ਚਾਨਣਾ ਪਾਉਣਾ ਚਾਹੋਂਗੇ ਜਾਂ ਅਸੀਂ ਇਤਿਹਾਸ ਦੇ ਉਹ ਵਰਕੇ ਫਰੋਲ ਕੇ ਜਨਤਾ ਸਾਹਮਣੇ ਤੁਹਾਨੂੰ ਸ਼ੀਸ਼ਾ ਦਿਖਾਇਏ। ਮਾਰੋ ਆਪਦੀ ਪੀੜੀ ਥੱਲੇ ਸੋਟਾ ਤੁਸੀਂ ਪਹਿਲਾਂ ਤਾਂ ਜੋ ਤੁਹਾਨੂੰ ਖੁਦ ਚਾਨਣ ਹੋ ਸਕੇ ਕਿ ਤੁਹਾਡੇ ਪਿਤਾ ਜੀ ਦਰਸ਼ਨ ਸਿੰਘ ਜਿਹੜੇ ਉਸ ਹਲਕੇ ਦੇ ਐਮ.ਐਲ.ਏ ਸੀ ਜਿੱਥੋਂ ਕਾਂਗਰਸ ਨੇ ਸਾਡੇ ਜਥੇਦਾਰ ਸ਼ਹੀਦ ਗੁਰਦੇਵ ਸਿੰਘ ਕਉਂਕੇ ਜੀ ਨੂੰ ਸ਼ਹੀਦ ਕੀਤਾ ਸੀ। ਤੁਹਾਡੇ ਪਿਤਾ ਜੀ ਚਾਹੁੰਦੇ ਤਾਂ ਕਾਂਗਰਸ ਕਦੇ ਵੀ ਸਾਡੇ ਜਥੇਦਾਰ ਸ਼ਹੀਦ ਗੁਰਦੇਵ ਸਿੰਘ ਕਉਂਕੇ ਜੀ ਨੂੰ ਗ੍ਰਿਫਤਾਰ ਨਹੀਂ ਸੀ ਕਰ ਸਕਦੀ, ਸ਼ਹੀਦੀ ਤਾਂ ਦੂਰ ਦੀ ਗੱਲ ਹੋਣੀ ਸੀ। ਪਰ ਇਹ ਮੰਦਭਾਗੀ ਘਟਨਾ ਤੁਹਾਡੇ ਪਿਤਾ ਦੀ ਰਹਿਨੁਮਾਈ ਵਿੱਚ ਹੋਈ। ਹੁਣ ਸਮੁੱਚੇ ਵਿਸ਼ਵ ਨੂੰ ਪਤਾ ਹੈ ਅਤੇ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਿਵੇਂ ਕਾਂਗਰਸ ਨੇ ਜਥੇਦਾਰ ਸ਼ਹੀਦ ਗੁਰਦੇਵ ਸਿੰਘ ਕਉਂਕੇ ਜੀ ਨੂੰ ਤਸ਼ਦੱਦ ਢਾਅ ਕੇ ਸ਼ਹੀਦ ਕੀਤਾ ਅਤੇ ਕਿਸ ਤਰਾਂ ਸਿੱਖ ਕੌਮ ਦਾ ਘਾਣ ਕੀਤਾ। ਤੁਸੀਂ ਕਹਿੰਦੇ ਹੋ ਕਿ ਐਮ.ਪੀ ਬਣ ਕੇ ਮਾਨ ਸਾਹਿਬ ਨੇ ਸਿਰਫ ਗੱਲਾਂ ਕੀਤੀਆਂ, ਸਿੱਖ ਕੌਮ ਲਈ ਕੀ ਕੀਤਾ? ਮੈਂ ਪੁੱਛਦਾ ਤੁਹਾਨੂੰ ਤੁਹਾਡਾ ਕਾਂਗਰਸ ਦਾ 40 ਸਾਲ ਦਾ ਜਿਹੜਾ ਰਾਜ ਰਿਹਾ, ਤੁਹਾਡੇ ਐਮ.ਪੀ ਜਿੱਤਦੇ ਰਹੇ ਨੇ ਤੁਸੀਂ ਦੱਸ ਦੋ ਕਿ ਤੁਸੀਂ ਸਿੱਖ ਕੌਮ ਲਈ ਜਾਂ ਪੰਜਾਬ ਲਈ ਕੀ ਕੀਤਾ? ਜਿਸ ਮਾਤਾ ਨੂੰ ਤੁਸੀਂ ਆਪਦੀ ਮਾਂ ਮੰਨਦੇ ਹੋ, ਤੁਹਾਡੇ ਪ੍ਰਧਾਨ ਸਾਹਿਬ ਰਾਜਾ ਵੜਿੰਗ ਜੀ ਉਹਦੀਆਂ ਟੀ-ਸ਼ਰਟਾਂ ਪਾਉਂਦੇ ਰਹੇ ਨੇ ਅਤੇ ਹੁਣ ਵੀ ਪਾਉਂਦੇ ਹਨ। ਉਸਨੂੰ ਨੂੰ ਤੁਸੀਂ ਸਾਰੇ ਆਪਣੀ ਮਾਂ ਮੰਨਦੇ ਹੋ। ਇੰਦਰਾ ਗਾਂਧੀ ਜਿੰਨੇ ਸਿੱਖਾਂ ਦਾ ਘਾਣ ਕੀਤਾ, 84 'ਚ ਸ਼੍ਰੀ ਅਕਾਲ ਤਖਤ ਸਾਹਿਬ 'ਤੇ ਹਮਲਾ ਕਰਵਾਇਆ, ਸਿੱਖਾਂ ਦਾ ਸ਼ਰੇਆਮ ਕਤਲੇਆਮ ਕਰਵਾਇਆ, ਅੱਜ ਤੱਕ ਕਿੱਧਰੇ ਵੀ ਕੋਈ ਸੁਣਵਾਈ ਨਹੀਂ ਹੋਈ। ਉੱਥੇ ਸਰਦਾਰ ਸਿਮਰਜੀਤ ਸਿੰਘ ਮਾਨ ਨੇ ਸੰਸਦ ਦੇ ਵਿੱਚ ਸ਼ਰੇਆਮ ਤੁਹਾਨੂੰ ਨਾਮ ਲੈ-ਲੈ ਕੇ ਸਾਰਿਆਂ ਨੂੰ ਕਿਹਾ ਕਿ ਤੁਸੀਂ ਕੀਤਾ ਜੋ ਕੀਤਾ। ਜੋ ਸਿੱਖਾਂ ਦਾ ਘਾਣ ਕੀਤਾ ਕਾਂਗਰਸ ਨੇ ਕੀਤਾ। ਜਿਹਦੇ ਕਾਂਗਰਸ ਵਿੱਚ ਤੁਸੀਂ ਰਹੇ ਹੋ। ਸਰਦਾਰ ਸਿਮਰਜੀਤ ਸਿੰਘ ਮਾਨ ਨੇ ਜਿਸ ਤਰਾਂ ਸਿੱਖਾਂ ਦਾ ਬਾਂਹ ਫੜੀ ਹੈ ਉਸ ਨਾਲ ਵਿਦੇਸ਼ਾਂ ਵਿੱਚ ਜਾ ਕੇ ਸਿੱਖ ਆਪਣਾ ਬਚਾਅ ਕਰ ਸਕੇ ਹਨ ਨਹੀਂ ਤਾਂ ਤੁਹਾਡੀ ਕਾਂਗਰਸ ਨੇ ਤਾਂ ਨੌਜਵਾਨਾਂ ਦੇ ਝੂਠੇ ਮੁਕਾਬਲੇ ਕਰਕੇ ਅਣ-ਗਿਣਤ ਨੌਜਵਾਨਾਂ ਦੇ ਕਤਲ ਕੀਤੇ ਹਨ। ਤੁਹਾਡੀ ਸਰਕਾਰ ਨੌਜਵਾਨਾਂ ਤੇ ਨਜਾਇਜ਼ ਪਰਚੇ ਕਰਦੇ ਰਹੇ ਹਨ। ਸਰਦਾਰ ਸਿਮਰਜੀਤ ਸਿੰਘ ਮਾਨ ਹੀ ਸਨ ਜਿਨ੍ਹਾਂ ਨੇ ਉਹਨਾਂ ਨੂੰ ਆਪਣੀ ਇੱਕ ਚਿੱਠੀ ਦੇ ਕੇ ਤੁਹਾਡੇ ਵਰਗੇ ਵਹਸ਼ੀਆਂ ਤੋਂ ਬਚਾਇਆ ਹੈ। ਉਨ੍ਹਾਂ ਨੂੰ ਬਾਹਰਲੇ ਦੇਸ਼ਾਂ 'ਚ ਭੇਜ ਕੇ ਉਹਨਾਂ ਨੂੰ ਬਚਾਇਆ ਤੇ ਉਹਨਾਂ ਦਾ ਰੋਟੀ ਦਾ ਸਾਧਨ ਬਣਾਇਆ ਤਾਂ ਜੋ ਉਹ ਬਾਹਰਲੇ ਦੇਸ਼ਾਂ ਦੇ ਵਿੱਚ ਆਪਦੀ ਜ਼ਿੰਦਗੀ ਸ਼ਾਂਤੀ ਨਾਲ ਬਤੀਤ ਕਰ ਸਕਣ। ਸਰਦਾਰ ਸਿਮਰਜੀਤ ਸਿੰਘ ਮਾਨ ਨੇ ਪੰਜਾਬ ਅਤੇ ਸਿੱਖ ਕੌਮ ਲਈ ਨਿੱਧੜਕ ਹੋ ਕੇ ਕੰਮ ਕੀਤੇ ਹਨ। ਅਸੀਂ ਤੁਹਾਡਾ ਵੀ ਲੈਵਲ ਜਾਣਦੇ ਹਾਂ ਅਤੇ ਤੁਹਾਡੀ ਦੋਗਲੀ ਸੋਚ ਨੂੰ ਵੀ ਜਾਣਦੇ ਹਾਂ। ਤੁਸੀਂ ਜੋ ਗੱਲਾਂ ਕਰਦੇ ਹੋ ਸਿੱਖ ਕੌਮ ਦੀਆਂ ਤੁਹਾਡੀ ਕੋਝੀ ਸੋਚ ਇਲੈਕਸ਼ਨ ਵਿੱਚ ਦੇਖਣ ਨੂੰ ਮਿਲੀ ਜਦੋਂ ਤੁਸੀਂ ਅੰਮ੍ਰਿਤਪਾਲ ਸਿੰਘ ਸਦੜਾ ਦੇ ਖਿਲਾਫ ਆ ਕੇ ਖੜ ਗਏ ਅਤੇ ਇਲੈਕਸ਼ਨ ਲੜੀ। ਸ਼ਹੀਦ ਰਛਪਾਲ ਸਿੰਘ ਸੰਧੜਾ ਜੀ ਨੂੰ ਕੌਣ ਨਹੀਂ ਜਾਣਦਾ। ਤੁਹਾਡਾ ਮਕਸਦ ਸਿਰਫ ਲੁਧਿਆਣੇ ਤੋਂ ਇਲੈਕਸ਼ਨ ਵਿੱਚ ਸਿਰਫ ਸਿੱਖ ਕੌਮ ਦੀ ਵੋਟ ਨੂੰ ਦੋ-ਫਾੜ ਕਰਣਾ ਸੀ ਇਸ ਕੋਝੀ ਸੋਚ ਵਿੱਚ ਤੁਸੀਂ ਕਾਮਯਾਬ ਹੋਏ। ਪਰ ਅਸੀਂ ਜਾਨਣਾ ਚਾਹੁੰਦੇ ਹਾਂ ਕਿ ਤੁਹਾਡਾ ਕੀ ਇਤਿਹਾਸ ਹੈ? ਤੁਹਾਡੀ ਕੀ ਕੁਰਬਾਨੀ ਹੈ? ਦੂਜੇ ਪਾਸੇ ਰਛਪਾਲ ਸਿੰਘ ਸੰਧੜਾ ਦੀ ਮਹਾਨ ਕੁਰਬਾਨੀ ਨੂੰ ਸਮੁੱਚੀ ਸਿੱਖ ਕੌਮ ਕਦੇ ਨਹੀਂ ਭੁੱਲ ਸਕਦੀ। ਉਸ ਮਹਾਨ ਸ਼ਹੀਦ ਦਾ ਪੁੱਤ ਹੈ ਸ. ਅੰਮ੍ਰਿਤਪਾਲ ਸਿੰਘ ਸੰਧੜਾ, ਜੋ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਲੁਧਿਆਣੇ ਤੋਂ ਇਲੈਕਸ਼ਨ ਲੜ ਰਿਹਾ ਸੀ ਤੇ ਤੁਸੀਂ ਉੱਥੇ ਉਸਦੇ ਖਿਲਾਫ ਇਲੈਕਸ਼ਨ ਲੜੇ ਹੋ। ਸਰਦਾਰ ਸਿਮਰਜੀਤ ਸਿੰਘ ਮਾਨ ਤੋਂ ਵੱਧ ਕੇ ਵੱਡਾਪਣ ਕੌਣ ਦਿਖਾ ਸਕਦਾ ਹੈ ਕਿ ਅੰਮ੍ਰਿਤਪਾਲ ਸਿੰਘ ਵੱਲੋਂ ਜਦੋਂ ਐਲਾਨ ਹੋਇਆ ਕਿ ਉਹ ਖਡੂਹ ਸਾਹਿਬ ਤੋਂ ਅਜ਼ਾਦ ਇਲੈਕਸ਼ਨ ਲੜ ਰਿਹਾ ਹੈ ਤਾਂ ਸਰਦਾਰ ਸਿਮਰਜੀਤ ਸਿੰਘ ਮਾਣ ਨੇ ਪ੍ਰੈਸ ਕਾਨਫਰਸ ਸੱਦ ਕੇ ਆਪਣੀ ਪਾਰਟੀ ਉਮੀਦਵਾਰ ਸ. ਹਰਪਾਲ ਸਿੰਘ ਬਲੇਰ ਦਾ ਨਾਮ ਖਡੂਰ ਸਾਹਿਬ ਤੋਂ ਵਾਪਿਸ ਲੈ ਲਿਆ ਅਤੇ ਆਪਣੀ ਪਾਰਟੀ ਵੱਲੋਂ ਪੂਰਾ ਸਹਿਯੋਗ ਵੀ ਕੀਤਾ। ਅੱਜ ਤੁਸੀਂ ਕਹੋਂਗੇ? ਤੁਸੀਂ ਦੱਸੋਂਗੇ? ਕਿ ਸਰਦਾਰ ਸਿਮਰਜੀਤ ਸਿੰਘ ਮਾਨ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ? ਤੁਹਾਡੇ ਤੋਂ ਪੁੱਛ ਕੇ ਕਰਨਾ ਮਾਨ ਸਾਹਿਬ ਨੇ? ਤੁਹਾਡੇ ਵਰਗੇ ਲੋਕ ਜਿੰਨਾਂ ਪੀੜੀ ਦਰ ਪੀੜੀ ਸਿੱਖ ਕੌਮ ਦਾ ਘਾਣ ਕੀਤਾ ਹੋਵੇ ਅਤੇ ਕਰਵਾਇਆ ਹੋਵੇ। ਮੈਂ ਤੁਹਾਨੂੰ ਚਿਤਾਵਨੀ ਦਿੰਦਾ ਹਾਂ ਕਿ ਹੁਣ ਤੁਹਾਨੂੰ ਸਿੱਖ ਕੌਮ ਨੇ ਮਾਫ ਨਹੀਂ ਕਰਨਾ ਇਸ ਲਈ ਬਿਹਤਰੀ ਇਹ ਹੀ ਹੈ ਕਿ ਅੱਗੇ ਤੋਂ ਜਿਹੜੇ ਤੁਸੀਂ ਸ਼ਬਦ ਬੋਲਣੇ ਹਨ ਇੱਕ ਮਰਿਆਦਾ ਵਿੱਚ ਰਹਿ ਕੇ ਬੋਲੋ।



ਆਵਾਜ਼ਿ ਕੌਮ AWAZE QAUM International Newspaper & WEB TV



**-ਸਤਿਨਾਮ ਸਿੰਘ ਰੱਤੋਕੇ, ਜ਼ਿਲਾ ਯੂਥ ਪ੍ਰਧਾਨ**
**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ**

ੴ ਸਤਿਗੁਰ ਪ੍ਰਸਾਦਿ॥



# ਸੱਦਾ ਪੱਤਰ



ਆਵਾਜ਼ਿ ਕੌਮ AWAZE QAUM International Newspaper & WEB TV

ਪਰਮ ਸਤਿਕਾਰਯੋਗ ਜੀਓ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਅਮਰ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ

## ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ

**ਗੁ: ਪੁਰਾਤਨ ਜਨਮ ਅਸਥਾਨ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ**

ਬ੍ਰਾਂਚ ਦਮਦਮੀ ਟਕਸਾਲ, ਜਥਾ ਭਿੰਡਰਾਂ ਮਹਿਤਾ
ਪਿੰਡ ਪਹੂਵਿੰਡ (ਅੰਦਰਲਾ ਗੁਰਦੁਆਰਾ), ਜਿਲ੍ਹਾ ਤਰਨ ਤਾਰਨ ਵਿਖੇ

ਮਿਤੀ 19 ਜਨਵਰੀ 2025, ਦਿਨ ਐਤਵਾਰ ਨੂੰ
ਸਵੇਰੇ 10 ਵਜੇ ਕਰਵਾਏ ਜਾ ਰਹੇ ਹਨ।



ਜਿਸ ਵਿੱਚ ਸਿੰਘ ਸਾਹਿਬਾਨ, ਸੰਤ ਮਹਾਂਪੁਰਖ,
ਰਾਗੀ, ਢਾਡੀ ਅਤੇ ਪ੍ਰਚਾਰਕ ਦਰਸ਼ਨ ਦੇਣਗੇ।

ਆਪ ਜੀ ਨੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ।

ਮੁੱਖ ਪ੍ਰਬੰਧਕ: ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ, ਪ੍ਰਧਾਨ ਸੰਤ ਸਮਾਜ

ਬੇਨਤੀ ਕਰਤਾ: ਸਮੂਹ ਇਲਾਕਾ ਨਿਵਾਸੀ ਅਤੇ ਨਗਰ ਨਿਵਾਸੀ, ਪਿੰਡ ਪਹੂਵਿੰਡ
ਸੰਪਰਕ: 99158-00904, 98766-97313, 98143-63669


**ਦਮਦਮੀ ਟਕਸਾਲ ਜਥੇਬੰਦੀ ਦੇ ਪਹਿਲੇ ਮੁਖੀ, ਅਮਰ ਸ਼ਹੀਦ ,ਸਿੰਘ ਸਾਹਿਬ, ਜਥੇਦਾਰ , ਬ੍ਰਹਮਗਿਆਨੀ ,ਧੰਨ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ ਦੇ ਜਨਮ ਨਗਰ , ਨਗਰ ਪਹੂਵਿੰਡ ( ਤਰਨ ਤਾਰਨ) ਪੁਰਾਤਨ ਜਨਮ ਅਸਥਾਨ ( ਅੰਦਰਲਾ ਗੁਰਦੁਆਰਾ) ਵਿਖੇ ਬਾਬਾ ਜੀ ਦੀ ਜਨਮ ਦਿਹਾੜੇ ਨੂੰ ਸਮਰਪਿਤ ਮਿਤੀ 19 ਜਨਵਰੀ 2025 ਨੂੰ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾਂ ਦੀ ਅਗੁਵਾਈ ’ਚ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਅਤੇ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਹੈ ਇਸ ਸਮਾਗਮ ‘ਚ ਹਾਜਰੀਆਂ ਭਰਕੇ ਲਾਹੇ ਪ੍ਰਾਪਤ ਕਰੋ ਜੀ।**

### ਜਥੇਦਾਰ ਦਾਦੂਵਾਲ ਦੀਆਂ ਚੋਣ ਸਭਾਵਾਂ ਦੇ ਵਿੱਚ ਰੈਲੀਆਂ ਵਾਂਗ

# ਠਾਠਾ ਮਾਰਦਾ ਇਕੱਠ : ਮਾਨ ਸਿੰਘ ਅਕਾਲੀ ਪੰਥ ਬੁੱਢਾ ਦਲ 96 ਕਰੋੜੀ



**ਬਟਾਲਾ 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਪ੍ਰੈਸ ਨੋਟ ਜਾਰੀ ਕਰਦਿਆਂ ਜਸਵੀਰ ਸਿੰਘ ਮਾਨ ਢਾਡੀ ( ਮਾਨ ਸਿੰਘ ਅਕਾਲੀ ਪੰਥ ਬੁੱਢਾ ਦਲ 96 ਕਰੋੜੀ ) ਜੀ ਨੇ ਜਥੇਦਾਰ ਦਾਦੂਵਾਲ ਦੀਆਂ ਚੋਣ ਸਭਾਵਾਂ ਦੇ ਵਿੱਚ ਰੈਲੀਆਂ ਵਰਗੇ ਠਾਠਾ ਮਾਰਦੇ ਇਕੱਠ ਬਾਰੇ ਬੋਲਦਿਆ ਉਹਨਾਂ ਨੇ ਗੁਰਬਾਣੀ ਦੀਆ ਇਹਨਾ ਪੰਗਤੀਆ ਤੋਂ ਸ਼ੁਰੂ ਕਰਦਿਆਂ ਕਿਹਾ।

" ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ "

### ਹਰਿਆਣੇ ਦੀਆਂ ਸੰਗਤਾਂ ਵੱਲੋਂ ਜਥੇਦਾਰ ਦਾਦੂਵਾਲ ਨੂੰ ਦਿੱਤੇ ਜਾ ਰਹੇ ਸਤਿਕਾਰ ਲਈ ਦਾਸ ਹਮੇਸ਼ਾ ਰਿਣੀ ਰਹੇਗਾ-ਮਾਨ ਸਿੰਘ ਅਕਾਲੀ



ਉਹਨਾਂ ਨੇ ਅੱਗੇ ਬੋਲਦਿਆਂ ਕਿਹਾ ਸਵੇਰੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜਦੋਂ ਅਰਦਾਸ ਕਰਕੇ ਚੋਣ ਪ੍ਰਚਾਰ ਲਈ ਨਿਕਲਦੇ ਹਨ ਉਸ ਤੋਂ ਬਾਅਦ ਗੁਰੂ ਸਾਹਿਬ ਆਪ ਸਹਾਈ ਹੁੰਦੇ ਨੇ । ਮਾਨ ਸਿੰਘ ਅਕਾਲੀ ਪੰਥ ਬੁੱਢਾ ਦਲ 96 ਕਰੋੜੀ ਜੀ ਨੇ ਜਥੇਦਾਰ ਦਾਦੂਵਾਲ ਦੀਆਂ ਚੋਣ ਸਭਾਵਾਂ ਦੇ ਵਿੱਚ ਹੋ ਰਹੇ ਇਕੱਠ ਬਾਰੇ ਬੋਲਦਿਆਂ ਕਿਹਾ ਕਿ ਇਹ ਸਤਿਕਾਰ ਉਨਾਂ ਦੀਆਂ ਪੰਥਕ ਸੇਵਾਵਾਂ ਅਤੇ ਸਿੱਖੀ ਸਿਧਾਂਤ ਤੇ ਪਰਪੱਕ ਹੋਣ ਕਰਕੇ ਹੈ । ਜ਼ਿਕਰ ਯੋਗ ਹੈ ਕਿ ਚੋਣ ਸਭਾਵਾਂ ਦੇ ਵਿੱਚ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਅਤੇ ਲੱਡੂਆਂ ਨਾਲ ਤੋਲ ਕੇ ਜਥੇਦਾਰ ਦਾਦੂਵਾਲ ਦਾ ਸਤਿਕਾਰ ਕੀਤਾ ਜਾ ਰਿਹਾ ਐ । ਇਸ ਵੇਲੇ ਪੂਰੇ ਹਰਿਆਣੇ ਵਿੱਚ ਜਥੇਦਾਰ ਦਾਦੂਵਾਲ ਅਤੇ ਉਹਨਾਂ ਦੇ ਸਾਥੀਆਂ ਦੇ ਹੱਕ ਦੇ ਵਿੱਚ ਇੱਕ ਪਾਸੜ ਮਾਹੌਲ ਨਜ਼ਰ ਆ ਰਿਹਾ ਹੈ ।

-ਭਾਈ ਪਰਗਟ ਸਿੰਘ ਬਲਬੇੜਾ 9022000070

### ਪੰਥਕ ਸੇਵਾਵਾਂ ਬਦਲੇ ਹਰਿਆਣੇ ਦੀਆਂ ਸੰਗਤਾਂ ਵੱਲੋਂ

# ਕਮੇਟੀ ਵੋਟਾਂ 'ਚ ਜਥੇਦਾਰ ਦਾਦੂਵਾਲ ਨੂੰ ਭਰਵਾਂ ਹੁੰਗਾਰਾ ਬਹੁਮਤ ਵੱਲ : ਸੁਖਬੀਰ ਸਿੰਘ ਬਲਬੇੜਾ



**ਬਲਬੇੜਾ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਜ਼ਿਕਰਯੋਗ ਹੈ ਕੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵਿੱਚ ਮੈਂਬਰਾਂ ਦੀ ਚੋਂਣ ਲਈ ਚੋਂਣ ਅਖਾੜਾ ਪੂਰੀ ਤਰਾਂ ਭਖਿਆ ਹੋਇਆ ਹੈ । ਸੁਖਬੀਰ ਸਿੰਘ ਬਲਬੇੜਾ ਨੇ ਮੀਡੀਆ ਨੂੰ ਪ੍ਰੈਸਨੋਟ ਜਾਰੀ ਕਰਦਿਆਂ ਕਿਹਾ ਕੇ ਮੌਸਮ ਵਿੱਚ ਕੜਾਕੇ ਦੀ ਠੰਡ ਪਰ ਹਰਿਆਣਾ ਦੀ ਸਿੱਖ ਸਿਆਸਤ ਦਾ ਪਾਰਾ ਇਸ ਵੇਲੇ ਸਿਖਰ ਤੇ ਹੈ । ਇਸੇ ਵਿਚਾਲੇ ਜਥੇਦਾਰ ਦਾਦੂਵਾਲ ਜੀ ਵੱਲੋਂ ਸਿੱਖ ਕੌਮ ਦੇ ਪ੍ਰਚਾਰ ਪ੍ਰਸਾਰ ਲਈ ਕੀਤੀਆਂ ਸੇਵਾਵਾਂ ਸਿੱਖ ਵੋਟਰਾਂ ਦੀ ਖਿੱਚ ਦਾ ਕੇਂਦਰ ਹਨ । ਸੂਤਰਾਂ ਦੇ ਹਵਾਲੇ ਤੋਂ ਇਹ ਵੀ ਖਬਰਾਂ ਆ ਰਹੀਆਂ ਹਨ ਕੇ ਜਥੇਦਾਰ ਦਾਦੂਵਾਲ ਜੀ ਅਤੇ ਉਨਾਂ ਦੇ ਸਾਰੇ ਉਮੀਦਵਾਰ 40 ਸੀਟਾਂ ਤੋਂ ਬਾਜੀ ਮਾਰ ਸਕਦੇ ਹਨ । ਉਸ ਦਾ ਮੁੱਖ ਕਾਰਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ ਤਿੰਨ ਦਹਾਕਿਆਂ ਵਿੱਚ ਸਿੱਖ ਕੌਮ ਦੇ ਪ੍ਰਚਾਰ ਪ੍ਰਸਾਰ ਲਹਿਰ ਨੂੰ ਮੰਨਿਆ ਜਾ ਰਿਹਾ ਹੈ । ਜੇ ਇਨਾਂ ਚੋਣਾਂ ਦੇ ਵਿੱਚ ਸਾਹਮਣੇ ਵਾਲੇ ਉਮੀਦਵਾਰਾਂ ਦੀ ਗੱਲ ਕਰੀਏ ਜਾਂ ਹਰਿਆਣਾ ਦੇ ਵਿੱਚ ਇਸ ਵੇਲੇ ਟੌਪ ਦੇ ਸਿੱਖ ਲੀਡਰ ਦੀ ਗੱਲ ਕਰੀਏ ਤਾਂ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦੇ ਮੁਕਾਬਲੇ ਸਾਹਮਣੇ ਕੋਈ ਵੀ ਲੀਡਰ ਉਸ ਮੁਕਾਮ ਦੇ ਨੇੜੇ ਤੇੜੇ ਵੀ ਖੜਾ ਨਜ਼ਰ ਨਹੀਂ ਆਉਂਦਾ ਜਿਹੜਾ ਮੁਕਾਮ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਆਪਣੀਆਂ ਸੇਵਾਵਾਂ ਦੇ ਨਾਲ ਹਰਿਆਣਾ ਦੀਆਂ ਸੰਗਤਾਂ ਦੇ ਹਿਰਦਿਆਂ 'ਚ ਬਣਾਇਆ ਹੈ । ਇਸ ਤੋਂ ਲੱਗ ਰਿਹਾ ਹੈ ਕੇ ਹਰਿਆਣਾ ਦੀਆਂ ਸਿੱਖ ਸੰਗਤਾਂ ਪਾਰਟੀਬਾਜ਼ੀ, ਜਾਤ ਪਾਤ, ਤੇ ਧੜੇਬਾਜ਼ੀ ਤੋਂ ਉਪਰ ਉੱਠ ਕੇ ਇੱਕ ਇੱਕ ਵੋਟ ਜਥੇਦਾਰ ਦਾਦੂਵਾਲ ਜੀ ਦੇ ਅਤੇ ਉਨਾਂ ਦੇ ਸਾਥੀ ਉਮੀਦਵਾਰਾਂ ਦੇ ਹੱਕ ਵਿੱਚ ਭੁਗਤਾ ਕੇ ਜਿੱਤ ਦਾ ਫਤਵਾ ਦੇਣਗੀਆਂ।

-ਪਰਗਟ ਸਿੰਘ ਬਲਬੇੜਾ, 9022000070

### ਕਹਾਣੀ

# ਅਹਿਸਾਨ



-ਬਲਵਿੰਦਰ ਬਾਲਮ
ਗੁਰਦਾਸਪੁਰ
ਓਂਕਾਰ ਨਗਰ ਗੁਰਦਾਸਪੁਰ ਪੰਜਾਬ
ਮੋ. 98156-25409
ਐਡਮਿੰਟਨ, ਕੈਨੇਡਾ
98156-25409 ਵਟਸਐਪ

**ਦਲਜੀਤ** ਸਿੰਘ ਨੇ ਐਮ.ਬੀ.ਬੀ.ਐਸ. ਵਿਚ ਦਾਖਿਲਾ ਲੈਣ ਲਈ ਰਾਜ ਪੱਧਰ ਦਾ ਟੈਸਟ ਪਾਸ ਕਰ ਲਿਆ ਸੀ, ਉਸ ਦਾ ਮੈਰਿਟ ਵਿਚ ਨਾਂਅ ਆਇਆ ਸੀ, ਦਲਜੀਤ ਪੜ੍ਹਣ ਵਿਚ ਬਹੁਤ ਹੁਸ਼ਿਆਰ ਅਤੇ ਸਮਝਦਾਰ ਲੜਕਾ ਸੀ, ਦਲਜੀਤ ਦੇ ਪਿਤਾ ਇਕ ਪ੍ਰਾਈਵੇਟ ਕੰਪਨੀ ਵਿਚ ਕਲਰਕ ਸਨ, ਤਨਖ਼ਾਹ ਨਾਲ ਤਾ ਸਿਰਫ਼ ਘਰ ਦਾ ਗੁਜ਼ਾਰਾ ਮਾਤਰ ਹੀ ਹੁੰਦਾ ਸੀ, ਦਲਜੀਤ ਨੇ ਟੈਸਟ ਤਾਂ ਪਾਸ ਕਰ ਲਿਆ ਸੀ, ਪਰ ਮਾਂ-ਬਾਪ ਅੱਗੇ ਇਕ ਵੱਡੀ ਆਰਥਿਕ ਮੁਸ਼ਿਕਲ ਆ ਗਈ, ਫੀਸ ਜਮ੍ਹਾਂ ਕਰਵਾਉਣ ਦੀ ਮਿਤੀ ਨਜ਼ਦੀਕ ਆ ਗਈ ਸੀ ਪਰ ਫੀਸ ਦੇਣ ਲਈ ਪੈਸਿਆਂ ਦਾ ਪ੍ਰਬੰਧ ਨਹੀਂ ਸੀ ਹੋ ਰਿਹਾ, ਰਿਸ਼ਤੇਦਾਰਾਂ ਤੋਂ ਮਦਦ ਮੰਗੀ ਪਰ ਕਿਸੇ ਨੇ ਮਦਦ ਨਾ ਕੀਤੀ, ਕੁਝ ਯਾਰਾਂ ਦੋਸਤਾਂ ਨੇ ਮਦਦ ਕੀਤੀ ਪਰ ਉਹ ਵੀ ਨਾ ਦੇ ਹੀ ਬਰਾਬਰ, ਦਲਜੀਤ ਦਾ ਪਿਤਾ ਅਤੇ ਉਸ ਦੀ ਮਾਂ ਬੜੇ ਪਰੇਸ਼ਾਨ ਕਿ ਹੁਣ ਕੀ ਕੀਤਾ ਜਾਵੇ ? ਜੇ ਫੀਸ ਸਮੇਂ ਸਿਰ ਨਾ ਤਾਰੀ ਤਾਂ ਦਲਜੀਤ ਸਿੰਘ ਭਵਿੱਖ ਧੁੰਦਲਾ ਹੋ ਜਾਵੇਗਾ, ਸਾਰੀਆਂ ਉਮੀਦਾਂ 'ਤੇ ਪਾਣੀ ਫਿਰ ਜਾਵੇਗਾ, ਦਲਜੀਤ ਨੇ ਆਪਣੇ ਡੈਡੀ ਨੂੰ ਘਬਰਾਹਟ ਵਿਚ ਕਿਹਾ, " ਮੇਰੇ ਦਾਖਿਲੇ ਦੀ ਫੀਸ ਜੇ ਸਮੇਂ ਸਿਰ ਨਾ ਦਿੱਤੀ ਤਾਂ ਮੇਰਾ ਭਵਿੱਖ ਖਰਾਬ ਸਕਦਾ ਹੈ, ਸਾਡੇ ਸੁਪਨਿਆਂ 'ਤੇ ਪਾਣੀ ਫਿਰ ਜਾਵੇਗਾ, ਉਸ ਦੀ ਮੰਮੀ ਵੀ ਬਹੁਤ ਪਰੇਸ਼ਾਨ ਸੀ, ਉਸ ਦੇ ਮੰਮੀ-ਡੈਡੀ ਦਾਖ਼ਿਲੇ ਸਬੰਧੀ ਬਹੁਤ ਪਰੇਸ਼ਾਨ ਸਨ, ਉਨ੍ਹਾਂ ਦੀ ਸਾਰੀ ਗੱਲਬਾਤ ਉਨ੍ਹਾਂ ਦੀ ਨੌਕਰਾਣੀ ਆਸ਼ਾ ਸੁਣ ਰਹੀ ਸੀ, ਆਸ਼ਾ ਨੇ ਨਿਮਰਤਾ ਪੂਰਵਕ ਢੰਗ ਨਾਲ ਦਲਜੀਤ ਦੀ ਮੰਮੀ ਨੂੰ ਕਿਹਾ, "ਬੀਬੀ ਜੀ, ਕੀ ਦਲਜੀਤ ਨੇ ਟੈਸਟ ਕਲੀਅਰ ਕਰ ਲਿਆ ਹੈ, " ਉਸ ਦੀ ਮੰਮੀ ਨੇ ਉਦਾਸ ਮੁਦਰਾ ਵਿਚ ਕਿਹਾ, "ਹਾਂ, ਟੈਸਟ ਤਾਂ ਕਲੀਅਰ ਕਰ ਲਿਆ ਹੈ ਪਰ ਫੀਸ ਦਾ ਇੰਤਜ਼ਾਮ ਨਹੀਂ ਹੋ ਰਿਹਾ, ਮੈਂ ਆਪਣੇ ਗਹਿਣੇ ਵੀ ਸੁਨਿਆਰੇ ਕੋਲ ਲੈ ਕੇ ਗਈ ਸਾਂ ਪਰ ਮੁਸ਼ਿਕਲ ਨਾਲ ਅੱਧੀ ਫੀਸ ਜੋਗੇ ਹੀ ਪੈਸੇ ਬਣਦੇ ਸੀ, ਕੁਝ ਦਿਨਾਂ ਬਾਅਦ ਦਲਜੀਤ ਦੀ ਫ਼ੀਸ ਦੇਣੀ ਹੈ, ਜੇ ਠੀਕ ਸਮੇਂ ਸਿਰ ਫੀਸ ਨਾ ਤਾਰੀ ਤਾਂ ਇਸ ਦਾ ਦਾਖਿਲਾ ਖਾਰਿਜ਼ ਹੋ ਸਕਦਾ ਹੈ, ਤੇ ਉਹ ਬੁਸਕ-ਬੁਸਕ ਕੇ ਰੋਣ ਲੱਗੀ, ਆਸ਼ਾ ਨੇ ਟਾਰਸ ਤੇ ਤਸੱਲੀ ਦਿੰਦੇ ਹੋਏ ਕਿਹਾ, "ਬੀਬੀ ਜੀ, ਤੁਸੀਂ ਚਿੰਤਾ ਨਾ ਕਰੋ, ਪਰਮਾਤਮਾ ਜ਼ਰੂਰ ਕੋਈ ਨਾ ਕੋਈ ਹੱਲ ਲੱਭੇਗਾ, " ਇਹ ਕਹਿ ਕੇ ਆਸ਼ਾ ਚਲੀ ਗਈ, ਅਗਲੇ ਦਿਨ ਆਸ਼ਾ ਨੇ ਦਲਜੀਤ ਦੀ ਮਾਂ ਨੂੰ ਤਸੱਲੀ ਦੇਂਦਿਆਂ ਕਿਹਾ, "ਬੀਬੀ ਜੀ, ਫੀਸ ਦਾ ਇੰਤਜ਼ਾਮ ਹੋਇਆ ਕਿ ਨਹੀਂ ?" ਦਲਜੀਤ ਦੀ ਮਾਂ ਨੇ ਉਦਾਸੀ ਵਿਚ ਕਿਹਾ, "ਨਹੀਂ, ਆਸ਼ਾ, ਨਹੀਂ ਹੋ ਸਕਿਆ, ਅਸੀਂ ਤਾਂ ਬਹੁਤ ਪਰੇਸ਼ਾਨ ਹਾਂ, ਕੀ ਕਰੀਏ ? ਨਾ ਕਿਸੇ ਰਿਸ਼ਤੇਦਾਰ ਨੇਹੀ ਬਾਂਹ ਫੜ੍ਹੀ ਹੈ ਤੇ ਨਾ ਕਿਸੇ ਹੋਰ ਨੇ, ਕਈਆਂ ਕੋਲ ਜਾ ਕੇ ਮਦਦ ਦੀ ਗੁਹਾਰ ਲਗਾਈ ਏ ਪਰ ਕਿਤਿਓਂ ਵੀ ਕੋਈ ਮਦਦ ਨਹੀਂ ਮਿਲੀ, ਆਸ਼ਾ ਨੇ ਧੀਰਜ਼ ਦੀ ਇਕ ਕਿਰਨ ਛੱਡਦੇ ਹੋਏ ਕਿਹਾ, "ਬੀਬੀ ਜੀ, ਆਹ ਲਓ ਮੇਰੇ ਗਹਿਣੇ, ਮੈਂ ਆਪਣੇ ਸਾਰੇ ਗਹਿਣੇ ਲੈ ਕੇ ਆਈ ਹਾਂ, ਐ ਲਉ ਮੇਰੇ ਗਹਿਣੇ, ਤੁਸੀਂ ਸੁਨਿਆਰੇ ਕੋਲ ਲੈ ਕੇ ਜਾਓ, ਇਨ੍ਹਾਂ ਨਾਲ ਜ਼ਰੂਰ ਫੀਸ ਪੂਰੀ ਹੋ ਜਾਵੇਗੀ, ਤੁਹਾਡੇ ਅਤੇ ਮੇਰੇ ਗਹਿਣਿਆਂ ਵਿਚ ਫੀਸ ਪੂਰੀ ਹੋ ਜਾਏਗੀ ? ਦਲਜੀਤ ਦੀ ਮਾਂ ਨੇ ਕਿਹਾ, "ਆਸ਼ਾ ਇਹ ਕਿਵੇਂ ਹੋ ਸਕਦਾ ਹੈ ? ਤੇਰੇ ਗਹਿਣੇ ਅਸੀਂ ਲੈ ਲਈਏ ? ਇਹ ਨਹੀਂ ਹੋ ਸਕਦਾ, " ਆਸ਼ਾ ਨੇ ਭਵਿੱਖ ਨੂੰ ਤੋਲਦੇ ਹੋਏ ਕਿਹਾ, "ਬੀਬੀ ਜੀ, ਮੈਂ ਆਪਣੇ ਗਹਿਣਿਆਂ ਦੀ ਕੀਮਤ ਵਾਪਿਸ ਲੈ ਲਵਾਂਗੀ, ਅਜੇ ਮੈਨੂੰ ਗਹਿਣਿਆਂ ਦੀ ਜ਼ਰੂਰਤ ਨਹੀਂ ਏ, ਮੇਰੇ ਬੱਚੇ ਬਹੁਤ ਛੋਟੇ ਹਨ, ਜਦੋਂ ਜ਼ਰੂਰਤ ਪਵੇਗੀ ਲੈ ਲਵਾਂਗੀ, ਦਲਜੀਤ ਨੂੰ ਮੈਂ ਆਪਣੇ ਹੱਥੀਂ ਪਾਲਿਆ ਏ, ਖਿਡਾਇਆ ਏ, ਕੀ ਮੇਰਾ ਕੋਈ ਫਰਜ਼ ਨਹੀਂ, ਵੈਸੇ ਵੀ ਇਸ ਘਰ ਦਾ ਮੈਂ ਕਈਆਂ ਸਾਲਾਂ ਤੋਂ ਨਮਕ ਖਾਂਦੀ ਰਹੀ ਹਾਂ, ਬੀਬੀ, ਤੁਸੀਂ ਮੇਰੇ ਗਹਿਣੇ ਲੈ ਲਉ, ਏਦਾਂ ਨਾ ਕਰੋ, ਸਮਾਂ ਨਿਕਲ ਗਿਆ ਤਾਂ ਬਹੁਤ ਵੱਡਾ ਨੁਕਸਾਨ ਹੋ ਜਾਵੇਗਾ, ਦਲਜੀਤ ਦਾ ਭਵਿੱਖ ਖਰਾਬ ਹੋ ਜਾਵੇਗਾ, ਬੀਬੀ ਜੀ, ਜਦੋਂ ਦਲਜੀਤ ਡਾਕਟਰ ਬਣ ਜਾਵੇਗਾ ਉਦੋਂ ਮੈਂ ਪੈਸੇ ਲੈ ਲਵਾਂਗੀ, ਏਸੇ ਤਰ੍ਹਾਂ ਦੇ ਗਹਿਣੇ ਬਣਵਾ ਲਵਾਂਗੀ, ਤੁਸੀਂ ਏਦਾਂ ਨਾ ਕਰੋ ਇਹ ਗਹਿਣੇ ਰੱਖ ਲਉ, " ਦਲਜੀਤ ਦੀ ਮਾਂ ਨੇ ਆਸ਼ਾ ਨੂੰ ਘੁੱਟ ਕੇ ਸੀਨੇ ਨਾਲ ਲਗਾ ਲਿਆ ਅਤੇ ਕੋਸੇ-ਕੋਸੇ ਸੁਖਦ ਹੰਝੂ ਆਸ਼ਾ ਦੀ ਤਲੀ ਉਪਰ ਜਾ ਡਿੱਗੇ, ਉਸ ਨੇ ਲੱਖ-ਲੱਖ ਧੰਨਵਾਦ ਕੀਤ ਆਸ਼ਾ ਦਾ, ਦਲਜੀਤ ਦੀ ਮਾਂ ਆਪਣੇ ਅਤੇ ਆਸ਼ਾ ਦੇ ਗਹਿਣੇ ਲੈ ਕੇ ਸੁਨਿਆਰੇ ਕੇ ਕੋਲ ਗਈ, ਸੁਨਿਆਰੇ ਨੇ ਕਿਹਾ, "ਹਾਂ, ਤੁਸੀਂ ਜਿੰਨੇ ਪੈਸੇ ਚਾਹੁੰਦੇ ਹੋ ਉਸ ਤੋਂ ਕੁਝ ਜ਼ਿਆਦਾ ਪੈਸੇ ਬਣਦੇ ਹਨ, " ਦਲਜੀਤ ਦੀ ਮਾਂ ਨੇ ਪਰਮਾਤਮਾ ਦਾ ਸ਼ੁਕਰ ਅਦਾ ਕਰਦੇ ਹੋਏ ਆਸ਼ਾ ਨੂੰ ਯਾਦ ਕੀਤਾ ਅਤੇ ਰੁਪਏ ਲੈ ਕੇ ਆਪਣੇ ਘਰ ਆ ਗਈ, ਸਮਾਂ ਕੁਲਾਚੇ ਭਰਦਾ ਹੋਇਆ ਦੌੜਦਾ ਗਿਆ, ਦਲਜੀਤ ਹਰ ਇਕ ਸਮੈਸਟਰ 'ਚੋਂ (ਸਾਲ 'ਚੋਂ) ਪਹਿਲੇ ਦਰਜ਼ੇ ਵਿਚ ਪਾਸ ਹੁੰਦਾ ਗਿਆ, ਉਸ ਦਾ ਹਰ ਸਾਲ ਵਜ਼ੀਫ਼ਾ ਵੀ ਲੱਗ ਜਾਂਦਾ, ਦਲਜੀਤ ਦੇ ਮਾਤਾ-ਪਿਤਾ ਨੇ ਆਪਣੇ ਸਾਰੇ ਖਰਚੇ ਘੱਟ ਕਰਕੇ ਉਸ ਦੀ ਫੀਸ ਅਤੇ ਉਸ ਦੀਆਂ ਜ਼ਰੂਰਤਾਂ ਨੂੰ ਪੂਰਿਆਂ ਕਰਨ ਵਿਚ ਪੂਰੀ-ਪੂਰੀ ਤਵੱਜੋਂ ਦੇਣੀ ਸ਼ੁਰੂ ਕਰ ਦਿੱਤੀ ਸੀ, ਦਲਜੀਤ ਵਜ਼ੀਫੇ ਦੇ ਆਸਰੇ ਅਤੇ ਘਰ ਦੀ ਮਦਦ ਨਾਲ ਐਮ.ਬੀ.ਬੀ.ਐਸ. ਦੇ ਫਾਈਨਲ ਇਮਤਿਹਾਨ 'ਚੋਂ ਸਾਰੇ ਕਾਲਜ 'ਚੋਂ ਇਕ ਨੰਬਰ 'ਤੇ ਆਇਆ ਸੀ, ਮੈਰਿਟ ਵਿਚ ਵੀ ਉਸ ਦਾ ਨਾਂਅ ਉਪਰਲੇ ਨਾਵਾਂ ਵਿਚ ਸੀ, ਹੁਣ ਉਸ ਨੇ ਐਮ.ਡੀ. ਵਿਚ ਦਾਖਿਲਾ ਲੈ ਲਿਆ ਸੀ, ਉਸ ਨੇ ਐਮ.ਡੀ. ਵੀ ਮੈਰਿਟ ਵਿਚ ਹੀ ਪਾਸ ਕੀਤੀ ਅਤੇ ਇਕ ਸਰਕਾਰੀ ਹਸਪਤਾਲ ਵਿਚ ਅੱਖਾਂ ਦਾ ਡਾਕਟਰ ਲੱਗ ਗਿਆ, ਉਸ ਦੀ ਸ਼ਾਦੀ ਵੀ ਇਕ ਅੱਖਾਂ ਦੀ ਮਾਹਿਰ ਲੇਡੀ ਡਾਕਟਰ ਨਾਲ ਹੋ ਗਈ, ਘਰ ਵਿਚ ਹੁਣ ਚੰਗੀ ਆਮਦਨ ਹੋਣ ਲੱਗੀ, ਦਲਜੀਤ ਅਤੇ ਉਸ ਦੀ ਡਾਕਟਰ ਪਤਨੀ ਨੇ ਹੁਣ ਆਪਣਾਂ ਪ੍ਰਾਈਵੇਟ ਹਸਪਤਾਲ ਖੋਲ੍ਹ ਲਿਆ ਸੀ, ਕੁਝ ਸਾਲਾਂ ਬਾਅਦ ਹੀ ਉਸ ਨੇ ਆਪਣੀ ਕੋਠੀ ਵੀ ਬਣਵਾਉਣੀ ਸ਼ੁਰੂ ਕਰ ਦਿੱਤੀ, ਉਸ ਨੇ ਕੋਠੀ ਦਾ ਗ੍ਰਹਿ ਪ੍ਰਵੇਸ਼ ਧੂਮ-ਧਾਮ ਨਾਲ ਉਦਘਾਟਨ ਸਮਾਰੋਹ ਦੇ ਰੂਪ ਵਿਚ ਕੀਤਾ, ਸ਼ਹਿਰ ਦੇ ਚਰਚਿਤ, ਪਤਵੰਤੇ ਅਤੇ ਹੋਰ ਰਿਸ਼ਤੇਦਾਰ, ਦੋਸਤ ਆਦਿ ਵੀ ਪਹੁੰਚੇ, ਉਸ ਵਿਚ ਆਸ਼ਾ ਦਾ ਪਰਿਵਾਰ ਵੀ ਸ਼ਾਮਿਲ ਸੀ, ਪਰ ਸਭ ਤੋਂ ਜ਼ਿਆਦਾ ਖੁਸ਼ੀ ਇਸ ਵਕਤ ਆਸ਼ਾ ਨੂੰ ਸੀ ਕਿ ਉਸ ਦੀ ਛੋਟੀ ਜਿਹੀ ਮਦਦ ਨਾਲ ਅੱਜ ਦਲਜੀਤ ਬਹੁਤ ਵੱਡਾ ਡਾਕਟਰ ਬਣ ਗਿਆ ਸੀ, ਦਲਜੀਤ ਨੇ ਆਪਣੀ ਕੋਠੀ ਦੇ ਨਾਲ ਇਕ ਛੋਟਾ ਜਿਹਾ ਸੁੰਦਰ ਘਰ ਵੀ ਬਣਵਾਇਆ ਸੀ, ਸਭ ਤੋਂ ਪਹਿਲਾਂ ਉਸ ਨੇ ਉਸ ਘਰ ਦਾ ਗ੍ਰਹਿ ਪ੍ਰਵੇਸ਼ ਉਦਘਾਟਨ ਇਲਾਕੇ ਦੇ ਮਸ਼ਹੂਰ ਐਮ.ਐਲ.ਏ. ਤੋਂ ਕਰਵਾਇਆ, ਉਸ ਘਰ ਦਾ ਉਦਘਾਟਨ ਕਰਨ ਤੋਂ ਪਹਿਲਾਂ ਉਸ ਨੇ ਆਸ਼ਾ ਦੇ ਪੈਰੀਂ ਹੱਥ ਲਗਾਇਆ, ਆਸ਼ਾ ਦੀ ਖੁਸ਼ੀ ਅਸਮਾਨ ਚੀਰ ਕੇ ਪਾਰ ਜਾ ਚੁੱਕੀ ਸੀ, ਉਸ ਦੀਆਂ ਅੱਖਾ ਕਿਸੇ ਬਹੁਤ ਵੱਡੇ ਜੇਤੂ ਦੀ ਖੁਸ਼ੀ ਵਾਂਗ ਚਮਕ ਉਠੀਆਂ ਅਤੇ ਉਸ ਨੇ ਦਲਜੀਤ ਨੂੰ ਆਸੀਸਾਂ ਨਾਲ ਮਾਲਾ ਮਾਲ ਕਰ ਦਿੱਤਾ, ਦਲਜੀਤ ਨੇ ਉਦਘਾਟਨ ਥਾਲ 'ਚੋਂ ਉਸ ਘਰ ਦੀਆਂ ਚਾਬੀਆਂ ਕੱਢੀਆਂ ਅਤੇ ਇਕ ਥੈਲੀ ਜਿਸ ਵਿਚ ਰੁਪਏ ਸਨ ਆਸ਼ਾ ਦੇ ਹੱਥ ਫੜਾਉਂਦੇ ਕਿਹਾ ਕਿਹਾ, " ਮਾਤਾ ਜੀ, ਇਹ ਘਰ ਤੁਹਾਡੇ ਲਈ ਮੈਂ ਬਣਵਾਇਆ ਸੀ, " ਆਸ਼ਾ ਦੀਆਂ ਅੱਖਾਂ 'ਚੋਂ ਖੁਸ਼ੀ ਦੇ ਹੰਝੂ ਪਰਲ-ਪਰਲ ਵਹਿਣ ਲੱਗੇ, ਦਲਜੀਤ ਦੇ ਮਾਤਾ-ਪਿਤਾ ਦੀਆਂ ਅੱਖਾਂ ਵਿਚ ਖੁਸ਼ੀ ਵਿਚ ਅਹਿਸਾਨ ਦੇ ਹੰਝੂ ਸਨ।

# ਸਿੱਖ ਕੌਮ ਨੂੰ ਸਮਰਪਿਤ ਨੁਮਾਇੰਦਿਆਂ ਨੂੰ ਹੀ ਮੈਂਬਰ ਚੁਣੇ ਹਰਿਆਣਾ ਦੀ ਸਿੱਖ ਸੰਗਤ-ਦਮਦਮੀ ਟਕਸਾਲ ਰਾਜਪੁਰਾ

### ਅੱਜ ਮੌਕਾ ਹੈ ਸਹੀ ਨੁਮਾਇੰਦੇ ਚੁਣਨ ਦਾ, ਸਮਾਂ ਲੰਘੇ ਤੋਂ ਪਛਤਾਉਣ ਦਾ ਕੋਈ ਫਾਇਦਾ ਨਹੀਂ-ਦਮਦਮੀ ਟਕਸਾਲ ਰਾਜਪੁਰਾ



**ਰਾਜਪੁਰਾ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਦਮਦਮੀ ਟਕਸਾਲ ਰਾਜਪੁਰਾ ਦੇ ਮੁਖੀ ਭਾਈ ਬਲਜਿੰਦਰ ਸਿੰਘ ਪਰਵਾਨਾ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਹਰਿਆਣਾ ਦੀ ਸੰਗਤ ਕੋਲ ਹੁਣ ਟਾਈਮ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਨੂੰ ਸਮਰਪਿਤ ਨੁਮਾਇੰਦਿਆਂ ਨੂੰ ਹੀ ਹਰਿਆਣਾ ਸ਼੍ਰੋਮਣੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਚੁਣਨ । ਸਮਾਂ ਲੰਘੇ ਤੋਂ ਪਛਤਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ । ਅੱਜ ਜਰੂਰੀ ਹੈ ਉਨਾ ਚਿਹਰਿਆਂ ਨੂੰ ਚੁਣ ਕੇ ਮੈਂਬਰ ਬਣਾਉਣ, ਜਿਨਾਂ ਨੇ ਆਪਣੀ ਜ਼ਿੰਦਗੀ ਸਿੱਖ ਕੌਮ ਦੇ ਪ੍ਰਚਾਰ ਪ੍ਰਸਾਰ ਵਿੱਚ ਲਗਾ ਦਿੱਤੀ ਹੋਵੇ । ਅੱਜ ਹਰਿਆਣਾ ਦੀ ਸੰਗਤ ਦਾ ਫਰਜ਼ ਬਣਦਾ ਹੈ ਐਸੇ ਚਿਹਰਿਆਂ ਨੂੰ ਹਰਿਆਣਾ ਕਮੇਟੀ ਦਾ ਮੈਂਬਰ ਚੁਣਨ ਜੋ ਸਰਬੱਤ ਦਾ ਭਲਾ ਲੋਚਦੇ ਹੋਣ, ਸਮਾਜ ਸੇਵਾ ਦੇ ਵਿੱਚ ਅੱਗੇ ਹੋ ਕੇ ਲੋਕਾਂ ਨਾਲ ਖੜਦੇ ਹੋਣ । ਦਮਦਮੀ ਟਕਸਾਲ ਰਾਜਪੁਰਾ ਦੇ ਮੁਖੀ ਬਲਜਿੰਦਰ ਸਿੰਘ ਪਰਵਾਨਾ ਨੇ ਅੱਗੇ ਬੋਲਦੇ ਹੋਏ ਕਿਹਾ ਕਿ ਹਰਿਆਣਾ ਦੀ ਸੰਗਤ ਉਨਾਂ ਚਿਹਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰ ਚੁਣੇ ਜੋ ਸਿੱਖ ਕੌਮ ਨੂੰ ਸਮਰਪਿਤ ਹੋ ਕੇ ਸਿਰਫ ਸੇਵਾ ਭਾਵ ਲਈ ਚੋਣਾਂ ਲੜ ਰਹੇ ਹਨ । ਅਖੀਰ ਵਿੱਚ ਬੋਲਦਿਆਂ ਬਲਜਿੰਦਰ ਸਿੰਘ ਪਰਵਾਨਾ ਨੇ ਕਿਹਾ ਕਿ ਹਰਿਆਣਾ ਦੀ ਸਿੱਖ ਸੰਗਤ 19 ਤਰੀਕ ਨੂੰ ਘਰਾਂ ਚੋਂ ਨਿਕਲ ਕੇ ਵੋਟ ਜਰੂਰ ਕਰੇ ।

-ਪਰਗਟ ਸਿੰਘ ਬਲਬੇੜਾ, 9022000070

IN LOVING MEMORY OF

# SARDARA SINGH



20th March 1951 - 13th January 2025

## Monday 20th January 2025

**ANTAM DARSHAN | 2:45 PM**

GURU NANAK GURDWARA SAHIB
162 WEST BROMWICH STREET, WALSALL
WS1 4DE

**ANTAM SANSKAR | 4:00 PM**

SANDWELL VALLEY CREMATORIUM,
NEWTON ROAD, WEST BROMWICH,
B71 3SX

**SEHAJ PATH BHOG| 5:00 PM**

GURU NANAK GURDWARA SAHIB
162 WEST BROMWICH STREET, WALSALL
WS1 4DE

Harmony

ਆਵਾਜ਼ਿ ਕੌਮ AWAZE QAUM
International Newspaper & WEB TV

### ਕੈਬਨਿਟ ਮੰਤਰੀ ਹਰਭਜਨ ਸਿੰਘ ਵੱਲੋਂ

# ਹਾਕੀ ਖਿਡਾਰੀਆਂ ਨੂੰ ਮਾਣਮੱਤੀ ਪ੍ਰਾਪਤੀਆਂ ਲਈ ਵਧਾਈਆਂ

**ਜੰਡਿਆਲਾ ਗੁਰੂ, 17 ਜਨਵਰੀ ( ਕੁਲਵੰਤ ਸਿੰਘ ਵਿਰਦੀ )**-ਕੈਬਨਿਟ ਮੰਤਰੀ ਸ੍ਰ: ਹਰਭਜਨ ਸਿੰਘ ਈਟੀਓ ਨੇ ਅੱਜ ਰਾਸ਼ਟਰਪਤੀ ਵੱਲੋਂ ਖੇਡਾਂ ਵਿੱਚ ਪਾਏ ਯੋਗਦਾਨ ਲਈ ਹਾਕੀ ਖਿਡਾਰੀ ਨੂੰ ਦਿੱਤੇ ਗਏ ਸਨਮਾਨ ਲਈ ਵਧਾਈ ਦਿੰਦਿਆਂ ਕਿਹਾ ਕਿ ਇਹਨਾਂ ਖਿਡਾਰੀਆਂ ਦੀ ਬਦੌਲਤ ਦੇਸ਼ ਵਿੱਚ ਦੁਬਾਰਾ ਹਾਕੀ ਪ੍ਰੇਮ ਬੱਚਿਆਂ ਵਿੱਚ ਪੈਦਾ ਹੋਇਆ ਹੈ। ਉਹਨਾਂ ਕਿਹਾ ਕਿ ਵੱਡੇ ਮਾਣ ਵਾਲੀ ਗੱਲ ਇਹ ਵੀ ਹੈ ਕਿ ਸਾਡੇ ਜਿਲ੍ਹੇ ਅੰਮ੍ਰਿਤਸਰ ਦੇ ਪਿੰਡ ਤਿੰਮੋਵਾਲ ਦੇ ਵਸਨੀਕ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਨੂੰ ਮੇਜਰ ਧਿਆਨ ਚੰਦ ਖੇਡ ਰਤਨ ਐਵਾਰਡ 2024 , ਮੇਰੇ ਹਲਕੇ ਦੇ ਪਿੰਡ ਰਜਧਾਨ ਦੇ ਵਸਨੀਕ ਸ ਜਰਮਨਪ੍ਰੀਤ ਸਿੰਘ ਅਤੇ ਸੁਖਜੀਤ ਸਿੰਘ ਕਾਕਾ ਨੂੰ ਅਰਜਨ ਐਵਾਰਡ ਦੇਸ਼ ਦੇ ਰਾਸ਼ਟਰਪਤੀ ਵਲੋਂ ਮਿਲਿਆ ਹੈ। ਉਨਾਂ ਉਕਤ ਖਿਡਾਰੀਆਂ, ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਆਸ ਹੈ ਕਿ ਜਿੱਥੇ ਇਹ ਖਿਡਾਰੀ ਖੇਡ ਵਿੱਚ ਹੋਰ ਬੁਲੰਦੀਆਂ ਨੂੰ ਛੂਹਣਗੇ ਉੱਥੇ ਇਹਨਾਂ ਵੱਲ ਵੇਖ ਕੇ ਇਹਨਾਂ ਦੇ ਪਾਏ ਹੋਏ ਪੂਰਨਿਆਂ ਉਤੇ ਚੱਲ ਕੇ ਸਾਡੇ ਪੰਜਾਬ ਦੇ ਵਿੱਚ ਖੇਡਾਂ ਦੀ ਨਵੀਂ ਪਨੀਰੀ ਤਿਆਰ ਹੋਵੇਗੀ, ਜੋ ਕਿ ਦੇਸ਼ ਦਾ ਨਾਂ ਆਉਣ ਵਾਲੇ ਸਮੇਂ ਵਿੱਚ ਰੌਸ਼ਨ ਕਰੇਗੀ। ਜ਼ਿਕਰ ਯੋਗ ਹੈ ਕਿ ਹਰਮਨਪ੍ਰੀਤ ਸਿੰਘ ਖੇਡ ਰਤਨ ਪੁਰਸਕਾਰ ਨਾਲ ਸਨਮਾਨਤ ਹੋਣ ਵਾਲਾ ਪੰਜਵਾਂ ਪੰਜਾਬੀ ਖਿਡਾਰੀ ਅਤੇ ਦੇਸ਼ ਦਾ ਛੇਵਾਂ ਹਾਕੀ ਖਿਡਾਰੀ ਹੈ। ਭਾਰਤੀ ਹਾਕੀ ਟੀਮ ਦਾ ਕਪਤਾਨ ਹਰਮਨਪ੍ਰੀਤ ਸਿੰਘ ਜਿਸ ਨੂੰ ਆਪਣੀ ਕਪਤਾਨੀ ਹੇਠ ਭਾਰਤ ਨੂੰ ਪੈਰਿਸ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਮੈਡਲ ਜਿਤਾਉਣ ਕਰਕੇ ਦੁਨੀਆਂ "ਹਾਕੀ ਦੇ ਸਰਪੰਚ" ਨਾਲ ਪੁਕਾਰਦੀ ਹੈ। ਹਰਮਨਪ੍ਰੀਤ ਸਿੰਘ ਬਾਬਾ ਬਕਾਲਾ ਨੇੜਲੇ ਪਿੰਡ ਤਿੰਮੋਵਾਲ ਦਾ ਜੰਮਪਲ ਹੈ। ਜੂਨੀਅਰ ਹਾਕੀ ਵਿਸ਼ਵ ਕੱਪ ਦੇ ਸੋਨ ਤਮਗੇ ਤੋਂ ਸੁਨਿਹਰੀ ਸਫ਼ਰ ਸ਼ੁਰੂ ਕਰਨ ਵਾਲੇ ਭਾਰਤੀ ਹਾਕੀ ਟੀਮ ਦੇ ਡਿਫੈਂਡਰ ਅਤੇ ਡਰੈਗ ਫਲਿੱਕਰ ਹਰਮਨਪ੍ਰੀਤ ਸਿੰਘ ਨੇ ਟੋਕੀਓ ਤੇ ਪੈਰਿਸ ਵਿਖੇ ਹੋਈਆਂ ਦੋਵੇਂ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਮੈਡਲ ਜਿੱਤਿਆ। ਪੈਰਿਸ ਵਿਖੇ ਉਹ 10 ਗੋਲਾਂ ਨਾਲ ਟਾਪ ਸਕੋਰਰ ਬਣਿਆ। 241 ਮੈਚਾਂ ਵਿੱਚ 212 ਗੋਲਾਂ ਨਾਲ ਉਹ ਗੋਲ ਕਰਨ ਵਿੱਚ ਧਿਆਨ ਚੰਦ ਤੇ ਬਲਬੀਰ ਸਿੰਘ ਸੀਨੀਅਰ ਤੋਂ ਬਾਅਦ ਤੀਜੇ ਨੰਬਰ ਉੱਪਰ ਹੈ। ਆਪਣੇ ਖੇਡ ਕਰੀਅਰ ਵਿੱਚ ਹਰਮਨਪ੍ਰੀਤ ਸਿੰਘ ਨੇ ਇੱਕ ਵਾਰ ਏਸ਼ੀਅਨ ਗੇਮਜ਼, ਇੱਕ ਵਾਰ ਏਸ਼ੀਆ ਕੱਪ, ਤਿੰਨ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਸੋਨ ਤਮਗ਼ਾ, ਦੋ ਵਾਰ ਚੈਂਪੀਅਨਜ਼ ਟਰਾਫੀ ਵਿੱਚ ਚਾਂਦੀ ਦਾ ਤਮਗ਼ਾ, ਪ੍ਰੋ ਲੀਗ ਅਤੇ ਵਿਸ਼ਵ ਹਾਕੀ ਲੀਗ ਵਿੱਚ ਇੱਕ-ਇੱਕ ਵਾਰ ਕਾਂਸੀ ਦਾ ਤਮਗ਼ਾ ਤੇ ਇੱਕ ਵਾਰ ਕਾਮਨਵੈਲਥ ਗੇਮਜ਼ ਵਿੱਚ ਚਾਂਦੀ ਦਾ ਤਮਗ਼ਾ ਜਿੱਤਿਆ ਹੈ। ਪੰਜਾਬ ਪੁਲਿਸ ਵਿੱਚ ਡੀ.ਐਸ.ਪੀ. ਵਜੋਂ ਸੇਵਾਵਾਂ ਨਿਭਾ ਰਿਹਾ ਹਰਮਨਪ੍ਰੀਤ ਸਿੰਘ ਅਰਜੁਨ ਐਵਾਰਡ ਜੇਤੂ ਹੈ। ਉਹ ਤਿੰਨ ਵਾਰ ਐਫ.ਆਈ.ਐਚ. ਵੱਲੋਂ ਵਰਲਡ ਪਲੇਅਰ ਆਫ ਦਾ ਯੀਅਰ ਐਲਾਨਿਆ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

### ਸੰਗਰੂਰ ਜ਼ਿਲੇ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ ਤਰਸਯੋਗ- ਸਤਿਨਾਮ ਸਿੰਘ ਰੱਤੋਕੇ

# ਲੌਂਗੋਵਾਲ ਹਸਪਤਾਲ ਦਾ ਇਨਾਂ ਮਾੜਾ ਹਾਲ ਹੋਇਆ ਕਿ ਲੋਕ ਉਸ ਵਿੱਚ ਆਪਣੇ ਡੰਗਰ ਬੰਨਣ ਲੱਗ ਗਏ

ਸੰਗਰੂਰ, 17 ਜਨਵਰੀ (ਰਸ਼ਿਪੰਦਰ ਕੌਰ ਗਿੱਲ)- ਸਾਡੇ ਸੰਗਰੂਰ ਜ਼ਿਲੇ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਸੰਗਰੂਰ ਜ਼ਿਲੇ ਦੇ ਲੋਕ ਸਭਾ ਹਲਕੇ ਦਾ ਪਿੰਡ ਲੌਂਗੋਵਾਲ ਬਹੁਤ ਵੱਡਾ ਪਿੰਡ ਹੈ। ਇਸ ਪਿੰਡ ਦੇ ਸਰਕਾਰੀ ਹਸਪਤਾਲ ਦੀ ਹਾਲਤ ਬਹੁਤ ਜਿਆਦੀ ਤਰਸਯੋਗ ਹੈ। ਸਰਕਾਰਾਂ ਆਉਂਦੀਆਂ ਰਹੀਆਂ, ਸਰਕਾਰਾਂ ਜਾਂਦੀਆਂ ਰਹੀਆਂ, ਸਰਕਾਰਾਂ ਬਣਦੀਆਂ ਰਹੀਆਂ, ਪਰ ਸਾਡੇ ਲੌਂਗੋਵਾਲ ਹਸਪਤਾਲ ਦਾ ਇੰਨਾਂ ਮਾੜਾ ਹਾਲ ਹੋਇਆ ਕਿ ਲੋਕ ਉਸ ਵਿੱਚ ਆਪਣੇ ਡੰਗਰ ਬੰਨਣ ਲੱਗ ਗਏ। ਇੰਨਾਂ ਬੁਰਾ ਹਾਲ ਹੈ ਕਿ ਕੋਈ ਉੱਥੇ ਡਾਕਟਰ ਨਹੀਂ, ਕੋਈ ਉੱਥੇ ਸੁਵਿਧਾ ਨਹੀਂ, ਕੋਈ ਉੱਥੇ ਮਸ਼ੀਨ ਨਹੀਂ। ਉੱਥੇ ਜੇਕਰ ਕੋਈ ਜਾਂਦਾ ਹੈ ਤਾਂ ਸਿਰਫ ਅਮਲੀ ਜਾਂਦੇ ਹਨ। ਉਹ ਵੀ ਉੱਥੇ ਜੀਭ ਵਾਲੀਆਂ ਗੋਲੀਆਂ ਲੈਣ ਜਾਂਦੇ ਹਨ। ਇਸ ਹਸਪਤਾਲ ਵਿੱਚ ਹੋਰ ਕਿਸੇ ਵੀ ਤਰਾਂ ਦਾ ਇਲਾਜ ਨਹੀਂ ਹੁੰਦਾ। ਕਿਸੇ ਤਰਾਂ ਦੀ ਕੋਈ ਦਵਾਈ ਨਹੀਂ ਮਿਲਦੀ। ਜੇਕਰ ਕਿਸੇ ਦੇ ਸੱਟ ਵੱਜ ਜਾਂਦੀ ਹੈ, ਉਹ ਜਦੋਂ ਸੱਟ ਦੀ ਦਵਾਈ ਲੈਣ ਵੀ ਜਾਂਦਾ ਜਾਂ ਟਾਂਕੇ ਲਗਾਉਣੇ ਪੈ ਜਾਣ ਤਾਂ ਉੱਥੋਂ ਰੈਫਰ ਹੀ ਕੀਤਾ ਜਾਂਦਾ ਮਰੀਜ਼ ਨੂੰ ਕਿਉਂਕਿ ਉੱਥੇ ਕੋਈ ਡਾਕਟਰੀ ਸਹੂਲਤ ਹੈ ਹੀ ਨਹੀਂ। ਉਹਨਾਂ ਨੂੰ ਰੈਫਰ ਕੀਤਾ ਜਾਂਦਾ ਹੈ ਸੰਗਰੂਰ। ਸੰਗਰੂਰ ਹਸਪਤਾਲ ਦਾ ਸਾਡਾ ਸਟਾਫ ਵੈਸੇ ਤਾਂ ਬਹੁਤ ਵਧੀਆ ਹੈ। ਸਾਡੇ ਐਸ.ਐਮ.ਓ ਸਾਹਿਬ ਬਹੁਤ ਵਧੀਆ ਹਨ। ਸਾਡੇ ਜਿੰਨੇ ਵੀ ਡਾਕਟਰ ਉੱਥੇ ਹਨ ਉਹ ਬਹੁਤ ਵਧੀਆ ਹਨ। ਪਰ ਉਹ ਵਿਚਾਰੇ ਵੀ ਕਰਣ ? ਉਹ ਆਪਦੇ ਵੱਲੋਂ ਪੂਰੀ ਕੋਸ਼ਿਸ਼ ਕਰਦੇ ਹਨ ਇਲਾਜ ਕਰਣ ਦੀ ਪਰ ਉਹਨਾਂ ਕੋਲ ਵੀ ਪੂਰੀ ਮਸ਼ੀਨਰੀ ਸਹੂਲਤ ਨਹੀਂ ਹੈ। ਜਦੋਂ ਉੱਥੇ ਵੀ ਮਰੀਜ਼ ਕੋਈ ਜਿਆਦਾ ਸੀਰੀਅਸ ਹਾਲਤ ਵਿੱਚ ਜਾਂਦਾ ਹੈ ਤਾਂ ਉਹ ਵੀ ਮਜਬੂਰਨ ਰਜਿੰਦਰਾ ਹਸਪਤਾਲ, ਪਟਿਆਲਾ ਵਿਖੇ ਰੈਫਰ ਕਰ ਦਿੰਦੇ ਹਨ। ਸਾਡਾ ਮੁੱਖ ਰਜਿੰਦਰਾ ਹਸਪਤਾਲ, ਪਟਿਆਲਾ ਵੀ ਸਿਆਸਤ ਦੀ ਭੇਂਟ ਚੜ ਚੁੱਕਿਆ ਹੈ। ਹਸਪਤਾਲ ਦਾ ਬੁਰਾ ਹਾਲ ਹੈ ਪਰ ਉੱਥੋਂ ਦਾ ਸਟਾਫ ਬਹੁਤ ਵਧੀਆ ਪਰ ਹਸਪਤਾਲ ਦੀ ਹੋ ਰਹੀ ਬਦਨਾਮੀ ਕਰਕੇ ਉਹ ਵੀ ਮਜਬੂਰ ਹਨ। ਰਜਿੰਦਰਾ ਹਸਪਤਾਲ ਵਿਖੇ ਮੈਂ ਥੋੜੇ ਹੀ ਦਿਨ ਪਹਿਲਾਂ ਗਿਆ। ਉਥੋਂ ਦੇ ਹਾਲਾਤ ਦੇਖ ਕੇ ਮੈਂ ਮਜਬੂਰ ਹੋ ਗਿਆ ਨਾਕਾਮ ਸਿਸਟਮ ਖਿਲਾਫ ਅਵਾਜ਼ ਬੁਲੰਦ ਕਰਣ ਲਈ ਤਾਂ ਜੋ ਸ਼ਾਇਦ ਮੇਰੀ ਅਵਾਜ਼ ਨਾਲ ਸਰਕਾਰ ਦੇ ਕੰਨ ਖੁੱਲ ਜਾਣ। ਰਜਿੰਦਰਾ ਹਸਪਤਾਲ ਦੇ ਵਿੱਚ ਸਟਾਫ ਬਹੁਤ ਵਧੀਆ ਹੋਣ ਦਾ ਕਿ ਫਾਇਦਾ ਜੇਕਰ ਉਸ ਵਿੱਚ ਇਲਾਜ ਲਈ ਮਸ਼ੀਨਰੀ ਦੇ ਸਾਧਨ ਨਹੀਂ ਹੋਣ। ਹਸਪਤਾਲ ਵਿੱਚ ਲੋੜੀਂਦਾ ਸਟਾਫ ਵੀ ਨਾ ਪੂਰਾ ਹੋਵੇ। ਐਮਰਜੈਂਸੀ ਸਮੇਂ ਆਕਸੀਜਨ ਦੇ ਢੋਲ ਇੱਕਾ-ਦੁੱਕਾ ਮਜੂਦ ਕਰਮਚਾਰੀ ਆਪ ਹੀ ਚੁੱਕ ਕੇ ਭੱਜੇ ਫਿਰਦੇ ਹਨ। ਕਿਉਂਕੀ ਆਕਸੀਜਨ ਢੋਲ ਚੁੱਕਣ ਵਾਲਾ ਸਟਾਫ ਵੀ ਨਹੀਂ ਹੈ। ਜਿੰਨਾ ਕੁ ਸਟਾਫ ਹੈ ਉਹ ਵਿਚਾਰੇ ਆਪਦੀ ਪੂਰੀ ਕੋਸ਼ਸ਼ ਕਰਦੇ ਹਨ ਮਰੀਜ਼ ਨੂੰ ਬਚਾਉਣ ਦੀ ਪਰ ਕਈ ਵਾਰਡਾਂ ਵਿੱਚ ਆਕਸੀਜਨ ਸਮੇਂ ਸਿਰ ਨਹੀਂ ਪਹੁੰਚ ਪਾਉਂਦੀ ਫਿਰ ਡਾਕਟਰ ਵਿਚਾਰਾ ਵੀ ਕੀ ਕਰੇਗਾ ? ਇੰਨ੍ਹਾਂ ਹਲਾਤਾਂ ਵਿੱਚ ਮਰੀਜ਼ ਕਿਸ ਤਰਾਂ ਬਚੇਗਾ ? ਦੂਜੇ ਪਾਸੇ ਰਜਿੰਦਰਾ ਹਸਪਤਾਲ ਦੀ ਬਿਲਡਿੰਗ ਤਰਸਯੋਗ ਬਣੀ ਹੋਈ ਹੈ। ਉੱਥੇ ਕੋਈ ਲਿਫਟ ਦਾ ਖਾਸ ਪ੍ਰਬੰਧ ਨਹੀਂ ਹੈ। ਬਦਲਾਅ ਦੇ ਨਾਂ ਤੇ ਬਣੀ ਸਰਕਾਰ ਆਮ ਆਦਮੀ ਪਾਰਟੀ ਦੇ ਸਾਰੇ ਦਾਅਵੇ ਪੂਰੀ ਤਰਾਂ ਨਾਲ ਫੇਲ ਹੋ ਚੁੱਕੇ ਹਨ। ਉਥੋਂ ਦਾ ਐਮ.ਐਲ.ਏ ਵੀ ਪਟਿਆਲੇ ਦਾ ਹੀ ਹੈ, ਉਹ ਵੀ ਆਮ ਪਾਰਟੀ ਦਾ ਜਿੱਤਿਆ ਹੋਇਆ ਅਤੇ ਕਾਂਗਰਸ ਦਾ ਐਮ.ਪੀ ਜਿਹੜਾ ਧਰਮਵੀਰ ਗਾਂਧੀ ਹੈ ਜਿਹੜਾ ਆਪ ਖੁਦ ਇੱਕ ਡਾਕਟਰ ਹੈ। ਮੈਨੂੰ ਨਹੀਂ ਲੱਗਦਾ ਕਿ ਕਦੇ ਇੰਨ੍ਹਾਂ ਦੋਵਾਂ ਨੇ ਹਸਪਤਾਲ ਵਿੱਚ ਗੇੜ੍ਹਾ ਵੀ ਮਾਰਿਆ ਹੋਵੇਗਾ। ਦੂਜੇ ਪਾਸੇ ਧਰਮਵੀਰ ਗਾਂਧੀ ਦੇ ਆਪਦੇ ਹਸਪਤਾਲ ਦੇ ਵਿੱਚ 300 ਰੁਪਏ ਪਰਚੀ ਚਲਦੀ ਹੈ ਅਤੇ ਉਥੇ ਮਰੀਜ਼ਾਂ ਦੀ ਕਤਾਰ ਨਹੀਂ ਟੁੱਟਦੀ। ਮਾਫ ਕਰਨਾ ਇਹ ਗੱਲ ਕੌੜੀ ਜਰੂਰ ਹੈ ਪਰ ਸੱਚੀ ਹੈ ਜੋ ਮੈਨੂੰ ਕਹਿਣੀ ਪੈ ਰਹੀ ਹੈ। ਰਜਿੰਦਰਾ ਹਸਪਤਾਲ ਦੇ ਵਿੱਚ ਜਿੱਥੇ ਗਰੀਬ ਬੱਚੇ ਜਾਂਦੇ ਹਨ ਜਾਂ ਮਰੀਜ਼ ਜਾਂਦੇ ਹਨ ਜਾਂ ਸਾਡੀਆਂ ਭੈਣਾਂ ਜਾਂਦੀਆਂ ਹਨ। ਇਹਨਾਂ ਦਾ ਕੋਈ ਇਲਾਜ ਨਹੀਂ ਹੁੰਦਾ। ਇੰਨੇ ਵੱਡੇ ਲੀਡਰ ਭਾਜਪਾ ਦੇ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਪਰਨੀਤ ਕੌਰ ਉੱਥੋਂ ਦੇ ਰਹਿਣ ਵਾਲੇ ਹੋਣ ਤੇ ਪਟਿਆਲੇ ਦੇ ਰਜਿੰਦਰਾ ਹਸਪਤਾਲ ਦਾ ਇਹ ਹਾਲ ਹੋਵੇ ਇੰਨ੍ਹਾਂ ਸਭ ਲੀਡਰਾਂ ਲਈ ਸ਼ਰਮ ਦੀ ਗੱਲ ਹੈ। ਜਦੋਂ ਮੈਂ ਰਜਿੰਦਰਾ ਹਸਪਤਾਲ ਦੇ ਡਾਕਟਰਾਂ ਨਾਲ ਗੱਲਬਾਤ ਕੀਤੀ ਤਾਂ ਡਾਕਟਰਾਂ ਦਾ ਇਹ ਕਹਿਣਾ ਸੀ ਕਿ ਵੀਰੇ ਅਸੀਂ ਹਰ ਮਰੀਜ਼ ਦਾ ਇਲਾਜ ਤਾਂ ਕਰਨਾ ਚਾਹੁੰਦੇ ਹਾਂ ਪਰ ਸਹੂਲਤਾਂ ਦੀ ਘਾਟ ਹੋਣ ਦੇ ਕਾਰਨ ਸਹੀ ਢੰਗ ਨਾਲ ਨਹੀਂ ਕਰ ਪਾਉਂਦੇ। ਉਹ ਕਹਿੰਦੇ ਕਿ ਸਾਡੇ ਕੋਲ ਜਿਹੜਾ ਵੀ ਮਰੀਜ਼ ਆ ਜਾਵੇ ਅਸੀਂ ਉਸਨੂੰ ਬਚਾਉਣ ਲਈ ਪੂਰੀ ਕੋਸ਼ਿਸ਼ ਕਰਦੇ ਹਾਂ ਪਰ ਕਈ ਵਾਰ ਅਸੀਂ ਵੀ ਮਜਬੂਰ ਹੋ ਜਾਂਦੇ ਹਾਂ। ਮੈਂ ਉੱਥੇ ਦੇਖਿਆ ਕਿ ਨਵੇਂ ਮੁੰਡੇ-ਕੁੜੀਆਂ ਜੋ ਉੱਥੇ ਕੰਮ ਕਰ ਰਹੇ ਹਨ ਦਿਲੋਂ ਕੰਮ ਕਰਦੇ ਹਨ ਪਰ ਜਦੋਂ ਉਹਨਾਂ ਕੋਲ ਸਰਕਾਰ ਵੱਲੋਂ ਸੁਵਿਧਾ ਹੀ ਪੂਰੀ ਨਹੀਂ ਪਹੁੰਚ ਰਹੀ ਤਾਂ ਉਹ ਵੀ ਕੀ ਕਰ ਸਕਦੇ ਹਨ। ਆਮ ਗੱਲਾਂ ਸੁਨਣ ਨੂੰ ਮਿਲ ਜਾਂਦੀਆਂ ਹਨ ਕਿ ਜੇਕਰ ਕਿਸੇ ਨੇ ਆਪਦਾ ਮਰੀਜ਼ ਮਾਰਨਾ ਹੈ ਤਾਂ ਉਹ ਰਜਿੰਦਰਾ ਹਸਪਤਾਲ ਆਪਣੇ ਮਰੀਜ਼ ਨੂੰ ਲੈ ਕੇ ਚਲੇ ਜਾਓ ਉੱਥੋਂ ਮਾਰ ਕੇ ਲੈ ਆਉ। ਮੈਂ ਸਰਕਾਰ ਨੂੰ ਗੁਹਾਰ ਲਗਾਉਂਦਾ ਹਾਂ ਕਿ ਉਹ ਹਸਪਤਾਲ ਦੀਆਂ ਕਮੀਆਂ ਨੂੰ ਦੂਰ ਕਰੇ। ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰੀ ਹਸਪਤਾਲਾਂ ਵੱਲ ਧਿਆਨ ਦੇਵੇ ਅਤੇ ਵਧੀਆ ਬਿਲਡਿੰਗਾਂ ਬਣਾਵੇ, ਉਹਦੇ ਵਿੱਚ ਸਟਾਫ ਪੂਰਾ ਕਰੇ, ਨਵੇਂ ਮੁੰਡੇ-ਕੁੜੀਆਂ ਪੜ੍ਹ ਕੇ ਡਿਗਰੀਆਂ ਹਾਂਸਲ ਕਰਕੇ ਨੌਕਰੀਆਂ ਨਾ ਮਿਲਣ ਕਰਕੇ ਬੇਰੁਜ਼ਗਾਰ ਧਰਨਿਆਂ ਤੇ ਬਹਿੰਦੇ ਫਿਰਦੇ ਹਨ ਉਹਨਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਰਜਿੰਦਰਾ ਹਸਪਤਾਲ ਦੇ ਨਾਲ-ਨਾਲ ਸਾਡੇ ਲੌਂਗੋਵਾਲ ਦੇ ਸਰਕਾਰੀ ਹਸਪਤਾਲ ਵੱਲ ਵੀ ਧਿਆਨ ਦਿੱਤਾ ਜਾਵੇ। ਮਾਨਯੋਗ ਅਮਨ ਅਰੋੜਾ ਜੀ ਹੁਣ ਤਾਂ ਪਾਰਟੀ ਵਿੱਚ ਪੰਜਾਬ ਦੇ ਪ੍ਰਧਾਨ ਵੀ ਹੁਣ ਬਣ ਗਏ ਹਨ ਅਤੇ ਇਥੋਂ ਦੇ ਐਮ.ਐਲ.ਏ ਵੀ ਹਨ। ਉਨਾਂ ਨੂੰ ਇਸ ਸਭ ਵੱਲ ਜਰੂਰ ਧਿਆਨ ਦੇਣਾ ਚਾਹਿਦਾ ਹੈ। ਇਹ ਰਾਜ ਭਾਗ ਦਾ ਕੀ ਪਤਾ ਅੱਗੇ ਆਉਣਾ ਹੈ ਕਿ ਨਹੀਂ ਆਉਣਾ। ਪਰ ਤੁਸੀਂ ਇਹੋ ਜਿਹੇ ਕੰਮ ਕਰ ਜੋ ਕਿ ਲੋਕ ਤੁਹਾਨੂੰ ਸਾਲੋਂ-ਸਾਲ ਯਾਦ ਕਰਨ।

> **ਆਮ ਗੱਲਾਂ ਸੁਨਣ ਨੂੰ ਮਿਲ ਜਾਂਦੀਆਂ ਹਨ ਕਿ ਜੇਕਰ ਕਿਸੇ ਨੇ ਆਪਦਾ ਮਰੀਜ਼ ਮਾਰਨਾ ਹੈ ਤਾਂ ਉਹ ਰਜਿੰਦਰਾ ਹਸਪਤਾਲ ਆਪਣੇ ਮਰੀਜ਼ ਨੂੰ ਲੈ ਕੇ ਚਲੇ ਜਾਓ ਉੱਥੋਂ ਮਾਰ ਕੇ ਲੈ ਆਉ**

**-ਸਤਿਨਾਮ ਸਿੰਘ ਰੱਤੋਕੇ**
**ਜ਼ਿਲਾ ਸੰਗਰੂਰ ਯੂਥ ਪ੍ਰਧਾਨ**
**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪਾਰਟੀ**

ਆਵਾਜ਼ਿ ਕੌਮ AWAZE QAUM International Newspaper & WEB TV

# ਜਥੇਦਾਰ ਦਾਦੂਵਾਲ ਸੰਘਰਸ਼ੀ ਤੇ ਸਿੱਖ ਕੌਮ ਨੂੰ ਸਮਰਪਿਤ ਸ਼ਖਸੀਅਤ-ਹੈਡ ਗ੍ਰੰਥੀ ਬਾਬਾ ਲਖਵਿੰਦਰ ਸਿੰਘ ਬਲਬੇੜਾ




**ਬਲਬੇੜਾ 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਹੈਡ ਗ੍ਰੰਥੀ ਬਾਬਾ ਲਖਵਿੰਦਰ ਸਿੰਘ ਬਲਬੇੜਾ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸੰਘਰਸ਼ੀ ਤੇ ਕੌਮ ਨੂੰ ਸਮਰਪਿਤ ਸ਼ਖਸੀਅਤ ਹਨ । ਜਥੇਦਾਰ ਦਾਦੂਵਾਲ ਪਿਛਲੇ ਤਿੰਨ ਦਹਾਕਿਆਂ ਤੋਂ ਲਗਾਤਾਰ ਸੰਗਤਾਂ ਅਤੇ ਸੰਤ ਸਮਾਜ ਵਿੱਚ ਵਿਚਰ ਰਹੇ ਹਨ । ਜਥੇਦਾਰ ਦਾਦੂਵਾਲ ਦਾ ਮਿਲਾਪੜਾ ਸੁਭਾਅ ਪੰਥਕ ਸ਼ਖਸੀਅਤਾਂ ਵਿੱਚ ਆਪਣਾ ਸਥਾਨ ਰੱਖਦਾ ਹੈ । ਜਥੇਦਾਰ ਦਾਦੂਵਾਲ ਦੀਆਂ ਪੰਥਕ ਸੇਵਾਵਾਂ ਜਿਨਾਂ ਤੇ ਸੰਸਾਰ ਦੇ ਕੋਨੇ ਕੋਨੇ ਵਿੱਚ ਬੈਠੇ ਸਿੱਖ ਮਾਣ ਮਹਿਸੂਸ ਕਰਦੇ ਹਨ । ਪਿਛਲੇ ਤਿੰਨ ਦਹਾਕਿਆਂ ਤੋਂ ਸਿੱਖ ਕੌਮ ਦਾ ਪ੍ਰਚਾਰ ਪ੍ਰਸਾਰ ਕਰਦਿਆਂ ਜਥੇਦਾਰ ਦਾਦੂਵਾਲ ਅਨੇਕਾਂ ਵਾਰ ਜੇਲ ਵੀ ਗਏ । ਉਸ ਸਮੇਂ ਦੀਆਂ ਮੌਕੇ ਦੀਆਂ ਹਕੂਮਤਾਂ ਵੱਲੋਂ ਝੂਠੇ ਪਰਚੇ ਦਰਜ ਕਰਕੇ ਜਥੇਦਾਰ ਦਾਦੂਵਾਲ ਦਾ ਕਿਰਦਾਰ ਵਿਗਾੜਨ ਦੀ ਨਾਕਾਮ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ । ਪਰ ਹਕੂਮਤਾਂ ਦੇ ਹੱਥ ਨਾ ਕਾਮਯਾਬੀ ਤੋਂ ਸਿਵਾਏ ਹੋਰ ਕੁਝ ਨਹੀਂ ਲੱਗਿਆ । ਕਿਉਂਕਿ ਜਿਨਾਂ ਲੋਕਾਂ ਨੇ ਉਸ ਵੇਲੇ ਹਕੂਮਤਾਂ ਦੇ ਵਿੱਚ ਬੈਠ ਕੇ ਕੋਝੀਆਂ ਚਾਲਾਂ ਚੱਲ ਕੇ ਜਥੇਦਾਰ ਦਾਦੂਵਾਲ ਦੇ ਕਿਰਦਾਰ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਸੀ ਅੱਜ ਉਹ ਕੱਖੋਂ ਹੌਲੇ ਹੋ ਕੇ ਜਥੇਦਾਰ ਸਾਹਿਬਾਨਾਂ ਵੱਲੋਂ ਲਗਾਈਆਂ ਸਜ਼ਾਵਾਂ ਭੁਗਤ ਰਹੇ ਹਨ । ਜਥੇਦਾਰ ਦਾਦੂਵਾਲ ਕੌਮ ਦੀ ਉਹ ਸ਼ਖਸੀਅਤ ਹਨ ਜਿਹੜੇ ਗੁਰੂ ਦੇ ਆਸਰੇ ਨਾਲ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਲਕੀਰ ਖਿੱਚ ਕੇ ਤੁਰੇ ਹੋਏ ਹਨ । ਹੁਣ ਹਰਿਆਣਾ ਦੀਆਂ ਸਿੱਖ ਸੰਗਤਾਂ ਦਾ ਮੁਢਲਾ ਫਰਜ਼ ਬਣਦਾ ਹੈ ਕਿ ਜਥੇਦਾਰ ਦਾਦੂਵਾਲ ਤੇ ਉਨਾਂ ਦੇ ਸਹਿਯੋਗੀ ਹਰਿਆਣਾ ਕਮੇਟੀ ਦੇ ਮੈਂਬਰ ਚੁਣ ਕੇ ਸਿੱਖ ਕੌਮ ਦੀ ਪ੍ਰਚਾਰ ਪ੍ਰਸਾਰ ਲਹਿਰ ਨੂੰ ਹੋਰ ਅੱਗੇ ਵਧਾਉਣ।

**-ਪਰਗਟ ਸਿੰਘ ਬਲਬੇੜਾ, 9022000070**

ਆਵਾਜ਼ਿ ਕੌਮ AWAZE QAUM International Newspaper & WEB TV

# ਜੇਕਰ ਪ੍ਰਸਾਸਨ ਵੱਲੋਂ ਕੋਈ ਹੱਲ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਕਿਸਾਨ ਆਗੂ ਮਨਜੀਤ ਸਿੰਘ



**ਧੂਰੀ ( ਰਣਜੀਤ ਸਿੰਘ ਪੇਧਨੀ )**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਆਗੂ ਹਰਪਾਲ ਸਿੰਘ ਪੇਧਨੀ ਅਤੇ ਮਹੱਲਾ ਨਿਵਾਸੀਆਂ ਦੇ ਸਹਿਯੋਗ ਦੇ ਨਾਲ ਚੱਲ ਰਹੇ ਪਿਛਲੇ ਦੋ ਮਹੀਨਿਆਂ ਤੋਂ ਸ਼ਾਂਤਮਈ ਧਰਨੇ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਗਰਾਹਾਂ ਇਕਾਈ ਦੇ ਪ੍ਰਧਾਨ ਮਨਜੀਤ ਸਿੰਘ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ 5ਜੀ ਟਾਵਰ ਲਗਾਉਣ ਦੇ ਵਿਰੋਧ ਵਿੱਚ ਪਿਛਲੇ ਲੰਮੇ ਸਮੇਂ ਤੋਂ ਧਰਨਾ ਲਾਈ ਬੈਠੇ ਆਂ ਹਾਂ, ਕੋਈ ਵੀ ਪ੍ਰਸ਼ਾਸਨ ਅਧਿਕਾਰੀ ਸਾਡੀ ਗੱਲ ਸੁਣਨ ਨੂੰ ਤਿਆਰ ਨਹੀਂ। ਜੇਕਰ ਇਸ ਦਾ ਇੱਕ ਦੋ ਦਿਨਾਂ ਵਿੱਚ ਕੋਈ ਮਸਲੇ ਦਾ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਜਥੇਬੰਦੀ ਦੇ ਆਗੂਆਂ ਨਾਲ ਗੱਲ ਕਰਕੇ ਇਸ ਸੰਘਰਸ਼ ਨੂੰ ਵੱਡੇ ਪੱਧਰ ਤੇ ਲੈ ਕੇ ਜਾਇਆ ਜਾਵੇਗਾ। ਜਿਸ ਦੀ ਜ਼ਿੰਮੇਦਾਰੀ ਪ੍ਰਸ਼ਾਸਨ ਅਧਿਕਾਰੀਆਂ ਦੀ ਹੋਵੇਗੀ। ਇਸ ਮੌਕੇ ਕਿਸਾਨ ਆਗੂ ਰਮਨਦੀਪ ਸਿੰਘ, ਮੀਤ ਪ੍ਰਧਾਨ ਸੁਖਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ, ਖਜਾਨਚੀ ਗੁਰਜੰਟ ਸਿੰਘ, ਪ੍ਰੈਸ ਸਕੱਤਰ ਗੁਰਦੀਪ ਸਿੰਘ, ਪ੍ਰਚਾਰਕ ਸਕੱਤਰ ਨਛੱਤਰ ਸਿੰਘ , ਸਕੱਤਰ ਗੁਰਮੁਖ ਸਿੰਘ, ਸਲਾਹਕਾਰ ਰਾਜਬੀਰ ਸਿੰਘ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਬਾਬਾ ਸ਼ੇਰ ਸਿੰਘ ਜੀ ਕਾਰਸੇਵਾ ਗੁਰੂਸਰ ਮਹਰਾਜ ਵਾਲ਼ੇ ਸੱਚਖੰਡ ਪਿਆਨਾਂ ਕਰ ਗਏ

ਇਹ ਅਤਿਅੰਤ ਦੁਖਦਾਈ ਖ਼ਬਰ ਹੈ ਜੀ ਜੋਧਪੁਰ ਜੇਲ੍ਹ ਦੇ ਸਾਥੀ ਸਤਿਕਾਰ ਯੋਗ ਬਾਬਾ ਸ਼ੇਰ ਸਿੰਘ ਜੀ ਕਾਰਸੇਵਾ ਗੁਰੂਸਰ ਮਹਰਾਜ ਵਾਲ਼ੇ ਸੱਚਖੰਡ ਪਿਆਨਾਂ ਕਰ ਗਏ ਹਨ ਜੀ ਅਕਾਲ ਪੁਰਖ ਵਾਹਿਗੁਰੂ ਜੀ ਆਪਣੇ ਚਰਨਾਂ ਚ ਨਿਵਾਸ ਬਖਸ਼ਣ। ਦੁਸਟ ਦਮਨ ਸਾਹਿਬੇ ਕਮਾਲ ਦੇ ਪਵਿੱਤਰ ਅਸਥਾਨ ਸ੍ਰੀ ਹੇਮਕੁੰਟ ਸਾਹਿਬ ਜੀ ਦੀਆਂ ਸੱਤੇ ਪਹਾੜੀਆਂ ਦੀ ਚੋਟੀਆਂ ਦੇ ਉੱਪਰ ਅਤੇ ਕਾਗ ਪਸੁੰਡ ਅਸਥਾਨ ਤੇ ਵੀ ਬਾਬਾ ਜੀ ਗੁਰੂ ਸਾਹਿਬ ਦੀ ਅਪਾਰ ਕਿਰਪਾ ਨਾਲ ਨਿਸ਼ਾਨ ਸਾਹਿਬ ਝਲਾਉਣ ਦੀ ਸੇਵਾ ਕਰਦੇ ਰਹੇ ਹਨ।

**-ਆਵਾਜ਼ਿ ਕੌਮ ਬਿਊਰੋ**



ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸ਼ਰਮਨਾਕ ਰੰਗਲਾ ਪੰਜਾਬ

# ਪੰਜਾਬ ਦੇ ਮੁੱਖ ਮੰਤਰੀ ਨੂੰ ਅਧਿਆਪਕ ਲਿਖ ਰਹੇ ਨੇ ਆਪਣੇ ਖ਼ੂਨ ਨਾਲ ਚਿੱਠੀਆਂ



ਸੇਵਾ ਵਿਖੇ, ਖ਼ੂਨ ਨਾਲ ਲਿਖੀ ਚਿੱਠੀ

ਮਾਨਯੋਗ ਮੁੱਖ ਮੰਤਰੀ,
ਪੰਜਾਬ ਸਰਕਾਰ।

ਵਿਸ਼ਾ : 01-07-2011 ਦੇ ਨਿਯੁਕਤੀ ਪੱਤਰਾਂ ਨੂੰ ਲਾਗੂ ਕਰਨ ਸਬੰਧੀ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਅਸੀਂ 6640 ਕੰਪਿਊਟਰ ਅਧਿਆਪਕ ਪਿਛਲੇ 20 ਸਾਲਾਂ ਤੋਂ ਸਰਕਾਰੀ ਸਕੂਲਾਂ ਵਿੱਚ ਸੇਵਾਵਾਂ ਨਿਭਾ ਰਹੇ ਹਾਂ, ਆਪ ਜੀ ਵੱਲੋਂ ਆਪਣੇ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਅਨੁਸਾਰ ਅਤੇ 15 ਸਤੰਬਰ 2022 ਦੇ ਕੀਤੇ ਐਲਾਨ ਅਨੁਸਾਰ ਕੰਪਿਊਟਰ ਅਧਿਆਪਕਾਂ ਤੇ 6ਵਾਂ ਪੇਅ ਕਮਿਸ਼ਨ ਅਤੇ ਪੰਜਾਬ ਸਰਵਿਸ ਰੂਲਜ਼ ਲਾਗੂ ਕਰਕੇ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ। ਸਾਡੇ ਨਿਯੁਕਤੀ ਪੱਤਰਾਂ ਅਨੁਸਾਰ ਸਾਡੇ ਬਣਦੇ ਲਾਭ ਸਾਨੂੰ ਦਿੱਤੇ ਜਾਣ ਜੀ। ਤਾਂ ਜੋ ਪਿਛਲੀਆਂ ਸਰਕਾਰਾਂ ਦੇ ਸਮੇਂ ਤੋਂ ਹੋ ਰਹੇ ਮਾਨਸਿਕ ਅਤੇ ਵਿੱਤੀ ਸ਼ੋਸ਼ਣ ਨੂੰ ਰੋਕਿਆ ਜਾ ਸਕੇ ਅਤੇ ਇਸ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ 106 ਕੰਪਿਊਟਰ ਅਧਿਆਪਕ ਸਾਥੀਆਂ ਦੇ ਪਰਿਵਾਰਾਂ ਨੂੰ ਇਨਸਾਫ ਮਿਲ ਸਕੇ। ਸਮੂਹ ਕੰਪਿਊਟਰ ਅਧਿਆਪਕ ਆਪ ਜੀ ਤੋਂ ਉਮੀਦ ਕਰਦੇ ਹਾਂ ਕਿ ਤੁਸੀਂ ਨਿੱਜੀ ਦਖਲ ਦੇ ਕੇ ਤੁਰੰਤ ਪ੍ਰਭਾਵ ਅਧੀਨ ਪਿਛਲੇ ਲੰਬੇ ਸਮੇਂ ਤੋਂ ਲਟਕਦੇ ਮਸਲਿਆਂ ਦਾ ਹੱਲ ਪਹਿਲ ਦੇ ਆਧਾਰ ਤੇ ਕਰੋਗੇ।

ਧੰਨਵਾਦ ਸਹਿਤ।

ਸਮੂਹ ਕੰਪਿਊਟਰ ਅਧਿਆਪਕ ਪੰਜਾਬ।

ਮਿਤੀ : 15-01-2025

ਸਿੱਖਿਆ ਮੰਤਰੀ ਹਰਜੋਤ ਬੈਂਸ ਜੀ
ਮੁੱਖ ਮੰਤਰੀ ਸਾਹਿਬ ਪੰਜਾਬ।

ਲੋਹੜੀ, ਮਾਘੀ ਦਾ ਤਿਉਹਾਰ ਬੜੀ ਸ਼ਰਧਾ, ਸਦਭਾਵਨਾ ਨਾਲ

# ਹਰ ਦਾਇਰੇ ਵਿਚ ਜ਼ੋਰ-ਸ਼ੋਰ ਨਾਲ ਮਨਾਇਆ : ਪੀ.ਸੀ ਕੁਮਾਰ

**ਫ਼ਿਰੋਜ਼ਪੁਰ, 17 ਜਨਵਰੀ (ਮਨੋਹਰ ਲਾਲ) :—** ਹਰ ਸਾਲ ਦੀ ਤਰ੍ਹਾਂ ਇਹ ਦਿਨ ਹਰ ਵਰਗ ਹਰ ਦਾਇਰੇ, ਹਰ ਉਮਰ ਦੇ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ, ਇਸਤਰੀਆਂ, ਪੁਰਸ਼ਾਂ ਵੱਲੋਂ ਘਰਾਂ, ਗਲੀ, ਮੁਹੱਲੇ, ਸਮਾਜਿਕ, ਧਾਰਮਿਕ ਅਦਾਰਿਆਂ ਵਿਚ ਮੰਦਰਾਂ—ਗੁਰਦੁਆਰਿਆਂ, ਸਕੂਲਾਂ—ਪਿੰਡਾਂ, ਸ਼ਹਿਰਾਂ ਵਿਚ ਜਿਸ ਤਰ੍ਹਾਂ ਦੂਜੇ ਤਿਉਹਾਰ ਮਿਲ ਕੇ ਮਨਾਏ ਜਾਂਦੇ ਹਨ, ਉਸੇ ਤਰ੍ਹਾਂ ਭੰਗੜੇ—ਗਿੱਧੇ, ਲੋਹੜੀ ਭੰਗੜਾ ਆਦਿ ਆਪਣੇ—ਆਪਣੇ ਰੀਤੀ—ਰਿਵਾਜਾਂ, ਲੜਕਾ—ਲੜਕੀ ਇਕ ਸਮਾਨ ਲੜਕੀਆਂ—ਲੜਕਿਆਂ ਦੀਆਂ ਸ਼ਾਦੀਆਂ ਵਾਲੇ ਘਰਾਂ ਵਿਚ ਗੀਤਾ ਗਾ, ਸੁੰਦਰ—ਮੁੰਦਰੀਆਂ, ਮਾਈ ਪਾ ਲੋਹੜੀ, ਤੇਰੇ ਜੀਵਨ ਪੰਜ ਪੁੱਤ ਭਾਵੇ ਅੱਜ ਇਕ ਤੇ ਟਿੱਕ ਹੈ, ਫਿਰ ਵੀ ਪੰਜਾਂ ਦਾ ਜ਼ਿਕਰ ਹੈ ਦੇ ਗੀਤਾਂ ਨਾਲ ਮਨਾਈ ਧਾਰਮਿਕ ਸਥਾਨਾਂ ਇਸ ਮਹੀਨੇ ਨੂੰ ਜਿਥੇ ਧਾਰਮਿਕ ਪੱਖੋਂ ਬੜਾ ਪਵਿੱਤਰ ਭਗਤੀ ਭਾਵ ਘਰਾਂ ਧਾਰਮਿਕ ਸਥਾਨਾਂ ਤੇ ਜਾ ਕੇ ਪੂਜਾ ਪਾਠ ਇਸ਼ਨਾਨ ਪੁਨਦਾਨ ਕਰਨ ਸਭ ਕਰਮ ਕਰਕੇ ਸਭ ਦੀ ਮੱਦਦ ਕਰਨ ਤੇ ਉਨ੍ਹਾਂ ਨਾਲ ਪਿਆਰ ਇਥੋਂ ਤੱਕ ਇਕ ਮਹੀਨੇ ਨੂੰ ਬਨਸਪਤੀ ਖਣਜ ਪਦਾਰਥ ਉਪਜ ਲਈ ਮੀਂਹ ਆਦਿ ਇਕ ਵਰਦਾਨ ਦੇ ਤੌਰ ਤੇ ਧਰਤੀ, ਆਕਾਸ਼, ਪਤਾਲ, ਸਭ ਪਾਸੇ ਖੁਸ਼ੀਆਂ ਚਹਿਲ—ਪਹਿਲ ਸਭ ਵਾਤਾਵਰਣ ਦੇ ਨਾਲ ਇਕ ਸਿਹਤ ਵਰਧਕ ਮਹੀਨਾ ਸਮਝੇ ਹਰਪ ਾਸੇ ਜੀਵ ਜੰਤੂਆਂ ਵੀ ਚਹਿਲ—ਪਹਿਲ ਨਾਲ ਖੁਸ਼ੀਆਂ ਮਨ ਮਾਨਵਤਾ ਨੂੰ ਇਨ੍ਹਾਂ ਨਾਲ ਪਿਆਰ ਕਰਨ ਚੰਗਾ ਵਾਤਾਵਰਣ ਤੇ ਉਨ੍ਹਾਂ ਨੂੰ ਜੀਓਣ ਲਈ ਹਰ ਸੁਵਿਧਾ ਦੀ ਮਾਨਵਤਾ ਤੋਂ ਮੰਗ ਕਰਦੇ ਸਭ ਨੂੰ ਰਲ—ਮਿਲ ਰਹਿਣ ਇਕ—ਦੂਜੇ ਨਾਲ ਪਿਆਰ ਕਰਨ ਦੇਸ਼ ਵਿਦੇਸ਼ਾਂ ਵਿਚ ਸੁੱਖ—ਸ਼ਾਂਤੀ ਦੀ ਪ੍ਰਾਰਥਨਾ ਦੀ ਮੰਗ ਕਰਦੇ ਰਲ ਮਿਲ ਭਾਈਚਾਰਕ ਸਾਂਝ ਦੀ ਪ੍ਰਾਰਥਣਾ ਕੀਤੀ।



# ਖ਼ਾਲਿਸਤਾਨ ਦੇ ਮੁੱਦੇ ਤੋਂ ਭਟਕਣ ਦੇ ਇਲਜ਼ਾਮਾਂ ਬਾਰੇ ਅਕਾਲੀ ਵਾਰਿਸ ਪੰਜਾਬ ਦੇ ਸਮਰਥਕਾਂ ਵੱਲੋਂ ਸਪਸ਼ਟੀਕਰਨ

## ਖ਼ਾਲਸਾਈ ਨਜ਼ਰੀਆ ਸਾਡੀ ਜੜ੍ਹ ਹੈ ਅਤੇ ਸਰਕਾਰ-ਏ-ਖ਼ਾਲਸਾ ਵਰਗਾ ਰਾਜ ਸਾਡਾ ਸੁਪਨਾ ਹੈ : ਸ਼ਮਸ਼ੇਰ ਸਿੰਘ ਪੱਧਰੀ, ਹਰਜੀਤ ਸਿੰਘ ਪੁਰੇਵਾਲ



**ਅੰਮ੍ਰਿਤਸਰ 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਅਗਵਾਈ ਵਿੱਚ ਨਵੀਂ ਬਣੀ ਪਾਰਟੀ "ਅਕਾਲੀ ਦਲ ਵਾਰਿਸ ਪੰਜਾਬ ਦੇ" ਦੇ ਸਰਗਰਮ ਸਮਰਥਕਾਂ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁੱਖਾ ਦੇ ਵੱਡੇ ਭਰਾਤਾ ਭਾਈ ਭੁਪਿੰਦਰ ਸਿੰਘ ਗੱਦਲੀ, ਸ਼ਮਸ਼ੇਰ ਸਿੰਘ ਪੱਧਰੀ, ਭਾਈ ਹਰਜੀਤ ਸਿੰਘ ਪੁਰੇਵਾਲ ਅਤੇ ਭਾਈ ਗਗਨਦੀਪ ਸਿੰਘ ਬੁੱਟਰ ਨੇ ਸਾਂਝੇ ਤੌਰ ਤੇ ਬਿਆਨ ਜਾਰੀ ਕਰਦਿਆਂ ਹੋਇਆਂ ਕਿਹਾ ਕਿ ਜਿਹੜੇ ਪੰਥਕ ਆਗੂ ਅਕਾਲੀ ਦਲ ਵਾਰਿਸ ਪੰਜਾਬ ਦੇ 'ਤੇ ਇਹ ਇਲਜ਼ਾਮ ਲਗਾ ਰਹੇ ਹਨ ਕਿ ਪਾਰਟੀ ਖ਼ਾਲਿਸਤਾਨ ਦੇ ਮੁੱਦੇ ਤੋਂ ਭਟਕ ਗਈ ਹੈ, ਉਹਨਾਂ ਨੂੰ ਸਮਝਣਾਂ ਚਾਹੀਦਾ ਹੈ ਕਿ ਸਾਡੇ ਸੰਗਠਨ ਦਾ ਮੰਤਵ ਸਿੱਖ ਕੌਮ ਦੇ ਹਿੱਤਾਂ ਦੀ ਰੱਖਿਆ ਕਰਨਾ ਅਤੇ ਪੰਥਕ ਸਿਧਾਂਤਾਂ ਨੂੰ ਅੱਗੇ ਵਧਾਉਣਾ ਹੈ। ਸਾਡਾ ਨਿਸ਼ਾਨਾ ਸਿੱਖਾਂ ਦੇ ਹੱਕਾਂ ਦੀ ਰੱਖਿਆ, ਪੰਜਾਬ ਦੀ ਭਲਾਈ, ਤੇ ਕੌਮ ਨੂੰ ਏਕਤਾ ਦੇ ਰਾਹ ਤੇ ਲਿਆਉਣ ਵੱਲ ਹੈ। ਸਾਡੇ ਸਿਧਾਂਤ ਸਾਫ਼ ਹਨ ਅਸੀਂ ਕਦੇ ਵੀ ਖ਼ਾਲਸਾ ਰਾਜ ਦੇ ਅਸਲ ਮੁੱਦੇ ਤੋਂ ਪਿੱਛੇ ਨਹੀਂ ਹਟੇ। ਹਰੇਕ ਪੰਥਕ ਅੰਦੋਲਨ ਸਮੇਂ ਅਤੇ ਹਾਲਾਤਾਂ ਦੇ ਅਨੁਸਾਰ ਆਪਣੀ ਰਣਨੀਤੀ ਨੂੰ ਸੁਧਾਰਦਾ ਹੈ। ਸਾਡੀ ਰਣਨੀਤੀ ਸਿੱਖ ਕੌਮ ਨੂੰ ਸ਼ਕਤੀਸ਼ਾਲੀ ਅਤੇ ਸੰਗਠਿਤ ਕਰਕੇ ਸਾਡੀ ਮੌਜੂਦਾ ਚੁਣੌਤੀਆਂ ਨੂੰ ਹੱਲ ਕਰਨ ਦੀ ਹੈ। ਜੋ ਲੋਕ ਤਰਾਂ ਤਰਾਂ ਦੇ ਇਲਜ਼ਾਮ ਲਗਾ ਰਹੇ ਹਨ, ਉਹ ਸਿਰਫ ਆਪਣੀਆਂ ਖਾਮੀਆਂ ਨੂੰ ਲੁਕਾਉਣ ਲਈ ਸੱਚ ਦਾ ਅਧਾਰ ਤੋੜ ਕੇ ਲੋਕਾਂ ਨੂੰ ਉਲਝਾਉਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਲਟਾ ਅਸਲ ਮੁੱਦੇ ਤੋਂ ਭਟਕਣ ਦੀ ਭੂਮਿਕਾ ਉਹਨਾਂ ਦੀ ਹੈ ਜੋ ਕੌਮ ਨੂੰ ਵੰਡਣ ਦੀ ਸਾਜ਼ਿਸ਼ ਕਰਦੇ ਹਨ। ਖ਼ਾਲਸਾਈ ਨਜ਼ਰੀਆ ਸਾਡੀ ਜੜ੍ਹ ਹੈ ਤੇ ਖ਼ਾਲਸਾ ਰਾਜ ਸਿੱਖ ਪੰਥ ਦਾ ਸੁਪਨਾ ਹੈ, ਪਰ ਇਹ ਸੁਪਨਾ ਸਿਰਫ਼ ਕਾਗਜ਼ਾਂ 'ਤੇ ਲਿਖਣ ਨਾਲ ਪੂਰਾ ਨਹੀਂ ਹੋਵੇਗਾ। ਇਸ ਨੂੰ ਪੂਰਾ ਕਰਨ ਲਈ ਸੰਗਠਿਤ ਕੌਮ, ਸਿਦਕ, ਅਤੇ ਅਸਲ ਕਦਮਾਂ ਦੀ ਲੋੜ ਹੈ। ਸਾਡਾ ਮੰਤਵ ਇੱਕ ਪ੍ਰਬਲ ਅਤੇ ਸੰਗਠਿਤ ਪੰਜਾਬ ਬਨਾਉਣਾ ਹੈ, ਜੋ ਕਿਸੇ ਵੀ ਮੁੱਦੇ 'ਤੇ ਆਪਣੀ ਗੱਲ ਪੱਕੇ ਤੌਰ 'ਤੇ ਕਹਿ ਸਕੇ। ਇਲਜ਼ਾਮ ਲਗਾਉਣ ਦੀ ਬਜਾਏ, ਸੱਚ ਨੂੰ ਪਛਾਣੋ। ਅਸੀਂ ਕੌਮ ਦੀ ਅਵਾਜ਼ ਨੂੰ ਅੱਗੇ ਲੈ ਕੇ ਜਾਣ ਲਈ ਕੰਮ ਕਰ ਰਹੇ ਹਾਂ। ਸਾਡਾ ਮੌਜੂਦਾ ਕੰਮ ਪੰਜਾਬ ਦੀ ਅਸਲ ਮੁਸੀਬਤਾਂ ਨੂੰ ਹੱਲ ਕਰਨਾ ਹੈ ਜੋ ਗੁਰੂ ਸਾਹਿਬਾਨਾਂ ਦੇ ਅਸੂਲਾਂ ਨੂੰ ਅਮਲ ਵਿੱਚ ਲਿਆਂਦੇ ਬਿਨਾਂ ਕਦੇ ਮੁਕੰਮਲ ਨਹੀਂ ਹੋਵੇਗਾ। ਸਿੱਖ ਕੌਮ ਲਈ ਅਸਲ ਸੁਨੇਹਾ ਇਹ ਹੈ ਕਿ ਅਸੀਂ ਸਿੱਖ ਕੌਮ ਨੂੰ ਇਹ ਯਕੀਨ ਦਵਾਉਣਾ ਚਾਹੁੰਦੇ ਹਾਂ ਕਿ "ਅਕਾਲੀ ਦਲ ਵਾਰਿਸ ਪੰਜਾਬ" ਦੇ ਅਸਲ ਨਿਸ਼ਾਨੇ ਤੋਂ ਕਦੇ ਨਹੀਂ ਹੱਟੇਗਾ। ਸਾਡਾ ਪ੍ਰਥਮ ਕਾਰਜ ਲੋਕਾਂ ਨੂੰ ਜਾਗਰੂਕ ਕਰਨਾ, ਕੌਮ ਨੂੰ ਸੰਗਠਿਤ ਕਰਨਾ, ਪੰਜਾਬ ਦੇ ਲੋਕਾਂ ਅਤੇ ਪੰਜਾਬ ਲਈ ਬਿਹਤਰ ਕਰਨਾਂ ਹੈ।

## ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਪਿੰਡ ਬੁੱਕਣ ਖਾਂ ਵਿਖੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ 27 ਜਨਵਰੀ ਨੂੰ ਗੁਰਮਤਿ ਸਮਾਗਮ ਤੇ 26 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ : ਗਿਆਨੀ ਸੁਖਦੇਵ ਸਿੰਘ ਖਾਲਸਾ

**ਫ਼ਿਰੋਜ਼ਪੁਰ, 17 ਜਨਵਰੀ (ਮਨੋਹਰ ਲਾਲ) :—** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਪਿੰਡ ਬੁੱਕਣ ਖਾਂ ਵਾਲਾ ਫ਼ਿਰੋਜ਼ਪੁਰ ਵਿਖੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ 27 ਜਨਵਰੀ ਨੂੰ ਗੁਰਮਤਿ ਸਮਾਗਮ ਤੇ 26 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਜਾਣਕਾਰੀ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਬੁੱਕਣ ਖਾਂ ਫ਼ਿਰੋਜ਼ਪੁਰ ਦੇ ਮੁੱਖ ਸੇਵਾਦਾਰ ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਿੱਖ ਕੌਮ ਦੇ ਮਹਾਨ ਅਤੇ ਦਮਦਮੀ ਟਕਸਾਲ ਦੇ ਪਹਿਲੇ ਜਥੇਦਾਰ ਅਨੋਖੇ ਸ਼ਹੀਦ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆ 27 ਜਨਵਰੀ 2025 ਦਿਨ ਸੋਮਵਾਰ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਮੌਕੇ ਤੇ ਸਭ ਤੋਂ ਪਹਿਲਾਂ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਰਾਗੀ, ਢਾਡੀ, ਕਥਾਵਾਚਕ ਜਥਿਆਂ ਵੱਲੋਂ ਆਪਣੀ ਸੁਰੀਲੀ ਆਵਾਜ਼ ਨਾਲ ਗੁਰਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰੀਮਾਨ ਸੰਤ ਬਾਬਾ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ 26 ਜਨਵਰੀ 2025 ਦਿਨ ਐਤਵਾਰ (13 ਮਾਘ) ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਹ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ 5 ਪਿਆਰਿਆਂ ਦੀ ਅਗਵਾਈ ਵਿਚ ਝੂਲਦੇ ਨਿਸ਼ਾਨ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਤੋਂ ਪ੍ਰਾਰੰਭ ਹੋ ਕੇ ਪਿੰਡ ਬੁੱਕਣ ਖਾਂ ਵਾਲਾ ਤੋਂ ਸੈਦੇ ਕੇ ਰੁਹੇਲਾ, ਬਸਤੀ ਨੱਥੇਸ਼ਾਹ, ਧੀਰਾ ਪੱਤਰਾ, ਮੋਹਰੇ ਵਾਲਾ, ਨਸੀਰਾ ਖਲਚੀਆਂ, ਚੂਹੜ ਖਲਚੀਆਂ, ਚੱਕ ਰੋੜਾਂ ਵਾਲਾ, ਮਹਿਮਾ, ਭਾਵਨਾ ਆਜ਼ਮ ਸ਼ਾਹ, ਗਾਮੇਵਾਲਾ, ਬਾਲੇਵਾਲਾ, ਗੋਬਿੰਦ ਨਗਰ ਠਾਠ ਨਾਨਕਸਰ, ਮੀਰਾ ਸ਼ਾਹ ਨੂਰ, ਹਾਜੀ ਵਾਲਾ, ਬਸਤੀ ਕੀਮੇਵਾਲੀ, ਬਸਤੀ ਨੇਕ ਵਾਲੀ, ਫੱਤੂਵਾਲਾ, ਜੀਆਂ ਬੱਗਾ, ਗੁਰਦੁਆਰਾ ਕਰਮਸਰ, ਝੋਕ ਹਰੀਹਰ ਤੋਂ ਬੁੱਕਣ ਖਾਂ ਵਾਲਾ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਨਾਨਕਪੁਰੀ ਸਾਹਿਬ ਗੁਰਮਤਿ ਵਿਦਿਆਲੇ ਵਿਚ ਸਮਾਪਤੀ ਦੀ ਅਰਦਾਸ ਹੋਵੇਗੀ। ਸ੍ਰੀਮਾਨ ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਅੱਗੇ ਦੱਸਿਆ ਕਿ ਇਸ ਵਿਸ਼ਾਲ ਨਗਰ ਕੀਰਤਨ ਅਤੇ ਸਮਾਗਮ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਭਾਈ ਗੁਰਦੀਪ ਸਿੰਘ ਨੰਬਰਦਾਰ ਅਤੇ ਉਨ੍ਹਾਂ ਦਾ ਪਰਿਵਾਰ ਹਰ ਤਰ੍ਹਾਂ ਦੀ ਤਨ, ਮਨ, ਧੰਨ ਨਾਲ ਸੇਵਾ ਕਰਦਾ ਹੈ। ਇਸ ਵਾਰ ਵੀ ਵਿਸ਼ੇਸ਼ ਤੌਰ ਤੇ ਸੇਵਾ ਕਰੇਗਾ। ਇਸ ਮੌਕੇ ਤੇ ਸ਼ਹੀਦ ਬਾਬਾ ਬੋਤਾ ਸਿੰਘ, ਬਾਬਾ ਗਰਜਾ ਸਿੰਘ ਗੱਤਕਾ ਅਖਾੜੇ ਵਾਲੇ ਗੱਤਕੇ ਦੇ ਜ਼ੌਹਰ ਵਿਖਾਏ ਜਾਣਗੇ। ਇਸ ਮੌਕੇ ਤੇ ਪਿੰਡ ਮਹਿਮਾ ਵੱਲੋਂ ਲੰਗਰ ਦੀ ਸੇਵਾ ਕੀਤੀ ਜਾਵੇਗੀ। ਗਿਆਨੀ ਸੁਖਦੇਵ ਸਿੰਘ ਖਾਲਸਾ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਸਾਹਿਬ ਜੀ ਦੀ ਬਖਸ਼ਿਸ਼ ਕਾਰਾਂ, ਜੀਪਾਂ, ਟਰੈਕਟਰ—ਟਰਾਲੀਆਂ ਲੈ ਕੇ ਵਿਸ਼ਾਲ ਨਗਰ ਕੀਰਤਨ ਵਿਚ ਮਿਤੀ 26 ਜਨਵਰੀ 2025 ਦਿਨ ਐਤਵਾਰ (13 ਮਾਘ) ਨੂੰ ਲੈ ਕੇ ਆਓ ਅਤੇ ਧੰਨ—ਧੰਨ ਬਾਬਾ ਦੀਪ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ।



# ਸਿੱਖ ਤੇ ਸਿੱਖੀ ਦੀ ਗੱਲ ਕਰਨ ਵਾਲੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ



## ਨੂੰ 19 ਜਨਵਰੀ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਾਓ, ਤਾਂ ਜੋ ਸਿੱਖ ਤੇ ਸਿੱਖੀ ਦੀ ਆਵਾਜ਼ ਨੂੰ ਜ਼ੋਰਦਾਰ ਢੰਗ ਨਾਲ ਬੁਲੰਦ ਕੀਤਾ ਜਾ ਸਕੇ

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸੰਘਰਸ਼ੀ ਤੇ ਕੌਮ ਨੂੰ ਸਮਰਪਿਤ ਸ਼ਖਸੀਅਤ ਹਨ । ਜਥੇਦਾਰ ਦਾਦੂਵਾਲ ਪਿਛਲੇ ਤਿੰਨ ਦਹਾਕਿਆਂ ਤੋਂ ਲਗਾਤਾਰ ਸੰਗਤਾਂ ਅਤੇ ਸੰਤ ਸਮਾਜ ਵਿੱਚ ਵਿਚਰ ਰਹੇ ਹਨ । ਜਥੇਦਾਰ ਦਾਦੂਵਾਲ ਦਾ ਮਿਲਾਪੜਾ ਸੁਭਾਅ ਪੰਥਕ ਸ਼ਖਸੀਅਤਾਂ ਵਿੱਚ ਆਪਣਾ ਸਥਾਨ ਰੱਖਦਾ ਹੈ । ਜਥੇਦਾਰ ਦਾਦੂਵਾਲ ਦੀਆਂ ਪੰਥਕ ਸੇਵਾਵਾਂ ਜਿਨਾਂ ਤੇ ਸੰਸਾਰ ਦੇ ਕੋਨੇ ਕੋਨੇ ਵਿੱਚ ਬੈਠੇ ਸਿੱਖ ਮਾਣ ਮਹਿਸੂਸ ਕਰਦੇ ਹਨ । ਪਿਛਲੇ ਤਿੰਨ ਦਹਾਕਿਆਂ ਤੋਂ ਸਿੱਖ ਕੌਮ ਦਾ ਪ੍ਰਚਾਰ ਪ੍ਰਸਾਰ ਕਰਦਿਆਂ ਜਥੇਦਾਰ ਦਾਦੂਵਾਲ ਅਨੇਕਾਂ ਵਾਰ ਜੇਲ ਵੀ ਗਏ । ਉਸ ਸਮੇਂ ਦੀਆਂ ਮੌਕੇ ਦੀਆਂ ਹਕੂਮਤਾਂ ਵੱਲੋਂ ਝੂਠੇ ਪਰਚੇ ਦਰਜ ਕਰਕੇ ਜਥੇਦਾਰ ਦਾਦੂਵਾਲ ਦਾ ਕਿਰਦਾਰ ਵਿਗਾੜਨ ਦੀ ਨਾਕਾਮ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ । ਪਰ ਹਕੂਮਤਾਂ ਦੇ ਹੱਥ ਨਾ ਕਾਮਯਾਬੀ ਤੋਂ ਸਿਵਾਏ ਹੋਰ ਕੁਝ ਨਹੀਂ ਲੱਗਿਆ । ਕਿਉਂਕਿ ਜਿਨਾਂ ਲੋਕਾਂ ਨੇ ਉਸ ਵੇਲੇ ਹਕੂਮਤਾਂ ਦੇ ਵਿੱਚ ਬੈਠ ਕੇ ਕੋਝੀਆਂ ਚਾਲਾਂ ਚੱਲ ਕੇ ਜਥੇਦਾਰ ਦਾਦੂਵਾਲ ਦੇ ਕਿਰਦਾਰ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਸੀ ਅੱਜ ਉਹ ਕੱਖੋਂ ਹੌਲੇ ਹੋ ਕੇ ਜਥੇਦਾਰ ਸਾਹਿਬਾਨਾਂ ਵੱਲੋਂ ਲਗਾਈਆਂ ਸਜ਼ਾਵਾਂ ਭੁਗਤ ਰਹੇ ਹਨ । ਜਥੇਦਾਰ ਦਾਦੂਵਾਲ ਕੌਮ ਦੀ ਉਹ ਸ਼ਖਸੀਅਤ ਹਨ ਜਿਹੜੇ ਗੁਰੂ ਦੇ ਆਸਰੇ ਨਾਲ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਲਕੀਰ ਖਿੱਚ ਕੇ ਤੁਰੇ ਹੋਏ ਹਨ ।

**ਹਰਿਆਣਾ ਦੀਆਂ ਸਿੱਖ ਸੰਗਤਾਂ ਦਾ ਮੁਢਲਾ ਫਰਜ਼ ਬਣਦਾ ਹੈ ਕਿ ਜਥੇਦਾਰ ਦਾਦੂਵਾਲ ਤੇ ਉਨਾਂ ਦੇ ਸਹਿਯੋਗੀ ਹਰਿਆਣਾ ਕਮੇਟੀ ਦੇ ਮੈਂਬਰ ਚੁਣ ਕੇ ਸਿੱਖ ਕੌਮ ਦੀ ਪ੍ਰਚਾਰ ਪ੍ਰਸਾਰ ਲਹਿਰ ਨੂੰ ਹੋਰ ਅੱਗੇ ਵਧਾਉਣ।**

## ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ ਵੱਲੋਂ ਜਾਰੀ ਮੈਨੀਫੈਸਟੋ

1. ਸਾਡੇ ਪ੍ਰਬੰਧ ਵਿੱਚ ਗੁਰੂਘਰਾਂ ਦੀਆਂ ਸੁੰਦਰ ਇਮਾਰਤਾਂ ਦਰਬਾਰ ਸਾਹਿਬ, ਦੀਵਾਨ ਹਾਲ ਸੰਗਤਾਂ ਲਈ ਰਿਹਾਇਸ਼ੀ ਏ.ਸੀ. ਸਰਾਵਾਂ ਸਟਾਫ਼ ਦੇ ਕੁਆਰਟਰ, ਹਰਿਆਣਾ ਕਮੇਟੀ ਦਾ ਮੁੱਖ ਦਫ਼ਤਰ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਨਾਮ ਉੱਪਰ ਬਨਾਉਣ ਅਤੇ ਮਲਟੀਪਰਪਜ਼ ਹਾਲ ਬਣਾਉਣ ਲਈ ਵੱਖ-ਵੱਖ ਮਹਾਂਪੁਰਸ਼ਾਂ ਦੀ ਕਾਰ ਸੇਵਾ ਸ਼ੁਰੂ ਕਰਵਾਈ ਗਈ ਹੈ ਅਤੇ ਕਮੇਟੀ ਵੱਲੋਂ ਸੀਮਿੰਟ ਸਰੀਆ ਕਾਰ ਸੇਵਾ ਲਈ ਭੇਂਟ ਕੀਤਾ ਜਾ ਰਿਹਾ ਹੈ, ਇੰਨ੍ਹਾਂ ਕਾਰ ਸੇਵਾਵਾਂ ਨੂੰ ਨਿਰੰਤਰ ਜਾਰੀ ਰੱਖ ਕੇ ਪੂਰਾ ਕਰਵਾਇਆ ਜਾਵੇਗਾ।
2. ਸਾਡੇ ਪ੍ਰਬੰਧ ਦੌਰਾਨ ਧਰਮ ਪ੍ਰਚਾਰ ਦੇ ਮੁੱਖ ਦਫ਼ਤਰ ਤੋਂ ਇਲਾਵਾ 3 ਸਬ-ਦਫ਼ਤਰ ਗੁਰਦੁਆਰਾ ਨਾਢਾ ਸਾਹਿਬ ਪਾਤਸ਼ਾਹੀ 10ਵੀਂ ਪੰਚਕੂਲਾ, ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ 9ਵੀਂ ਜੀਂਦ, ਗੁਰਦੁਆਰਾ ਪਾਤਸ਼ਾਹੀ 10ਵੀਂ ਸਿਰਸਾ ਵਿਖੇ ਖੋਲੇ ਗਏ ਹਨ, ਜਿੱਥੋਂ ਸਾਡੇ ਧਰਮ ਪ੍ਰਚਾਰ ਦੇ ਜੱਥੇ ਰਾਗੀ ਢਾਡੀ ਕਵੀਸ਼ਰ ਕਥਾਵਾਚਕ ਪਿੰਡਾਂ ਵਿੱਚ ਜਾ ਕੇ ਭੇਟਾ ਰਹਿਤ ਧਰਮ ਪ੍ਰਚਾਰ ਕਰ ਰਹੇ ਹਨ, ਇਸ ਧਰਮ ਪ੍ਰਚਾਰ ਦੀ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।
3. ਸਾਡੇ ਪ੍ਰਬੰਧ ਦੌਰਾਨ ਨਵੀਆਂ ਕਾਰਾਂ ਲੈ ਕੇ ਧਰਮ ਪ੍ਰਚਾਰ ਦਫ਼ਤਰਾਂ ਦੇ ਜੱਥਿਆਂ ਨੂੰ ਦਿੱਤੀਆਂ ਗਈਆਂ ਹਨ, ਜਿੰਨ੍ਹਾਂ ਤੇ ਉਹ ਪਿੰਡਾਂ ਵਿੱਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਲਈ ਜਾਂਦੇ ਹਨ। ਇਸ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ।
4. ਸਾਡੇ ਪ੍ਰਬੰਧ ਵਿੱਚ ਚੱਲ ਰਹੇ 3 ਸਕੂਲਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਦੀ ਪੜ੍ਹਾਈ ਬਿਲਕੁਲ ਫਰੀ ਕੀਤੀ ਗਈ ਹੈ, 2 ਕਾਲਜਾਂ ਵਿੱਚ ਅੰਮ੍ਰਿਤਧਾਰੀ ਸਿੱਖ ਬੱਚਿਆਂ ਨੂੰ ਵਜ਼ੀਫ਼ੇ ਦਿੱਤੇ ਗਏ ਹਨ, ਇਸ ਸੇਵਾ ਨੂੰ ਅੱਗੇ ਵੀ ਜਾਰੀ ਰੱਖਿਆ ਜਾਵੇਗਾ ।
5. ਸਾਡੇ ਪ੍ਰਬੰਧ ਤੋਂ ਪਹਿਲਾਂ ਕੀਤੀ ਗਈ ਗੁਰੂ ਕੀ ਗੋਲਕ ਦੀ ਲੁੱਟ ਨੂੰ ਮੁੜ ਗੁਰੂ ਕੀ ਗੋਲਕ ਵਿੱਚ ਭਰਵਾਇਆ ਗਿਆ ਹੈ ਅਤੇ ਮੈਂਬਰ ਦੀ ਮੈਂਬਰਸ਼ਿਪ ਰੱਦ ਕੀਤੀ ਗਈ।
6. ਸਾਡੇ ਪ੍ਰਬੰਧ ਤੋਂ ਪਹਿਲਾ 15-15 ਸਾਲ ਤੋਂ ਕੰਟਰੈਕਟ ਬੇਸ ਤੇ ਚੱਲ ਰਹੇ ਕਮੇਟੀ ਮੁਲਾਜ਼ਮਾਂ ਨੂੰ ਪੱਕੇ ਕੀਤਾ ਗਿਆ ਹੈ ਅਤੇ ਯੋਗ ਨੌਜਵਾਨਾਂ ਦੀ ਨਵੀਂ ਭਰਤੀ ਕੀਤੀ ਗਈ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵਾਧਾ ਕੀਤਾ ਗਿਆ ਹੈ ਅਤੇ ਅੱਗੇ ਵੀ ਮੁਲਾਜ਼ਮਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ।
7. ਸਾਡੇ ਪ੍ਰਬੰਧ ਅਧੀਨ ਵੱਖ ਵੱਖ ਗੁਰਦੁਆਰਿਆਂ ਵਿੱਚ ਮੁਫ਼ਤ ਮੈਡੀਕਲ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।
8. ਮੀਰੀ ਪੀਰੀ ਹਸਪਤਾਲ ਦਾ ਪ੍ਰਬੰਧ ਜਲਦੀ ਲੈ ਕੇ ਮੈਡੀਕਲ ਕਾਲਜ ਖੋਲਿਆ ਜਾਵੇਗਾ ਜਿਸ ਦੀ ਕਾਨੂੰਨੀ ਪ੍ਰਕਿਰਿਆ ਚੱਲ ਰਹੀ ਹੈ, ਤਾਂ ਕੇ ਹਰਿਆਣਾ ਦੇ ਸਿੱਖ ਬੱਚੇ ਡਾਕਟਰੀ ਦੀ ਪੜਾਈ ਕਰ ਸਕਣ।
9. ਸਾਡੇ ਵੱਲੋਂ IAS, IPS, IRS ਤੇ ਅਜਿਹੀਆਂ ਹੋਰ ਪ੍ਰਿਖਿਆਂਵਾਂ ਦੀ ਤਿਆਰੀ ਮੁਫ਼ਤ ਕਰਾਉਣ ਦੇ ਉਪਰਾਲੇ ਚੱਲ ਰਹੇ ਹਨ ਅਤੇ ਇਹਨਾਂ ਸੇਵਾਵਾਂ ਦਾ ਹੋਰ ਵਿਸਤਾਰ ਕੀਤਾ ਜਾਵੇਗਾ।
10. ਸਾਡੇ ਪ੍ਰਬੰਧ ਵਲੋਂ ਪੰਥਕ ਕਾਰਜਾਂ ਲਈ ਜੇਲਾਂ ਵਿੱਚ ਬੰਦ ਬੰਦੀ ਸਿੰਘਾਂ ਦੇ ਕਈ ਪ੍ਰੀਵਾਰਾਂ ਦੀ ਆਰਥਿਕ ਮੱਦਦ, ਕੈਂਸਰ ਆਦਿਕ ਭਿਆਨਕ ਬੀਮਾਰੀਆਂ ਤੋਂ ਪੀੜਤਾਂ ਦੀ ਆਰਥਿਕ ਮੱਦਦ ਕੀਤੀ ਜਾਂਦੀ ਹੈ ਜੋ ਨਿਰੰਤਰ ਜਾਰੀ ਰਹੇਗੀ।
11. ਸਾਡੇ ਪ੍ਰਬੰਧ ਵਲੋਂ ਲੋੜਵੰਦ ਪ੍ਰੀਵਾਰਾਂ ਦੇ ਹੋਰ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੀਆਂ ਵੀ ਫੀਸਾਂ ਭਰੀਆਂ ਗਈਆਂ ਹਨ, ਇਹ ਸੇਵਾ ਨਿਰੰਤਰ ਜਾਰੀ ਰੱਖੀ ਜਾਵੇਗੀ ਅਤੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।
12. ਸਾਡੇ ਪ੍ਰਬੰਧ ਵਲੋਂ ਯਾਤਰੀ ਸਿੱਖ ਸੰਗਤਾਂ ਲਈ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬਿਹਾਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਏ.ਸੀ. ਸਰਾਵਾਂ ਜਲਦ ਬਣਾਈਆਂ ਜਾਣਗੀਆਂ।
13. ਸਾਡੇ ਵਲੋਂ ਲੋੜਵੰਦ ਪ੍ਰੀਵਾਰਾਂ ਦੀਆਂ ਸੈਂਕੜੇ ਬੱਚੀਆਂ ਦੇ ਸਮੂਹਿਕ ਵਿਆਹ ਪਿਛਲੇ ਸਮੇਂ ਵਿੱਚ ਕੀਤੇ ਗਏ ਹਨ ਅਤੇ ਉਹਨਾਂ ਨੂੰ ਘਰ ਦੇ ਵਰਤੋਂ ਵਿਹਾਰ ਦਾ ਲੋੜੀਂਦਾ ਸਾਜੋਂ ਸਮਾਨ ਦੇ ਕੇ ਵਿਦਾ ਕੀਤਾ ਜਾਂਦਾ ਹੈ ਇਹ ਸੇਵਾ ਨਿਰੰਤਰ ਜਾਰੀ ਰਹੇਗੀ ਅਤੇ ਇਸ ਦਾ ਘੇਰਾ ਹੋਰ ਵਿਸ਼ਾਲ ਕੀਤਾ ਜਾਵੇਗਾ।

ਜੋ ਕਿਹਾ - ਉਹ ਕੀਤਾ
ਜੋ ਕਹਾਂਗੇ - ਉਹ ਕਰਾਂਗੇ



--★ ਬੇਨਤੀ ਕਰਤਾ ★--

# ਭਾਈ ਰਘਵੀਰ ਸਿੰਘ ਵਾਲਸਾਲ

ਐਡੀਟਰ-ਇਨ-ਚੀਫ਼
ਆਵਾਜ਼ਿ-ਕੌਮ ਅੰਤਰ-ਰਾਸ਼ਟਰੀ ਅਖ਼ਬਾਰ
ਤੇ ਵੈਬ ਚੈਨਲ

# ਸਿੱਖ ਤੇ ਸਿੱਖੀ ਦੀ ਗੱਲ ਕਰਨ ਵਾਲੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ



## ਨੂੰ 19 ਜਨਵਰੀ ਨੂੰ ਵੱਧ ਤੋਂ ਵੱਧ ਵੋਟਾਂ ਨਾਲ ਜਿਤਾਓ, ਤਾਂ ਜੋ ਸਿੱਖ ਤੇ ਸਿੱਖੀ ਦੀ ਆਵਾਜ਼ ਨੂੰ ਜ਼ੋਰਦਾਰ ਢੰਗ ਨਾਲ ਬੁਲੰਦ ਕੀਤਾ ਜਾ ਸਕੇ

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਸੰਘਰਸ਼ੀ ਤੇ ਕੌਮ ਨੂੰ ਸਮਰਪਿਤ ਸ਼ਖਸੀਅਤ ਹਨ । ਜਥੇਦਾਰ ਦਾਦੂਵਾਲ ਪਿਛਲੇ ਤਿੰਨ ਦਹਾਕਿਆਂ ਤੋਂ ਲਗਾਤਾਰ ਸੰਗਤਾਂ ਅਤੇ ਸੰਤ ਸਮਾਜ ਵਿੱਚ ਵਿਚਰ ਰਹੇ ਹਨ । ਜਥੇਦਾਰ ਦਾਦੂਵਾਲ ਦਾ ਮਿਲਾਪੜਾ ਸੁਭਾਅ ਪੰਥਕ ਸ਼ਖਸੀਅਤਾਂ ਵਿੱਚ ਆਪਣਾ ਸਥਾਨ ਰੱਖਦਾ ਹੈ । ਜਥੇਦਾਰ ਦਾਦੂਵਾਲ ਦੀਆਂ ਪੰਥਕ ਸੇਵਾਵਾਂ ਜਿਨਾਂ ਤੇ ਸੰਸਾਰ ਦੇ ਕੋਨੇ ਕੋਨੇ ਵਿੱਚ ਬੈਠੇ ਸਿੱਖ ਮਾਣ ਮਹਿਸੂਸ ਕਰਦੇ ਹਨ । ਪਿਛਲੇ ਤਿੰਨ ਦਹਾਕਿਆਂ ਤੋਂ ਸਿੱਖ ਕੌਮ ਦਾ ਪ੍ਰਚਾਰ ਪ੍ਰਸਾਰ ਕਰਦਿਆਂ ਜਥੇਦਾਰ ਦਾਦੂਵਾਲ ਅਨੇਕਾਂ ਵਾਰ ਜੇਲ ਵੀ ਗਏ । ਉਸ ਸਮੇਂ ਦੀਆਂ ਮੌਕੇ ਦੀਆਂ ਹਕੂਮਤਾਂ ਵੱਲੋਂ ਝੂਠੇ ਪਰਚੇ ਦਰਜ ਕਰਕੇ ਜਥੇਦਾਰ ਦਾਦੂਵਾਲ ਦਾ ਕਿਰਦਾਰ ਵਿਗਾੜਨ ਦੀ ਨਾਕਾਮ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ । ਪਰ ਹਕੂਮਤਾਂ ਦੇ ਹੱਥ ਨਾ ਕਾਮਯਾਬੀ ਤੋਂ ਸਿਵਾਏ ਹੋਰ ਕੁਝ ਨਹੀਂ ਲੱਗਿਆ । ਕਿਉਂਕਿ ਜਿਨਾਂ ਲੋਕਾਂ ਨੇ ਉਸ ਵੇਲੇ ਹਕੂਮਤਾਂ ਦੇ ਵਿੱਚ ਬੈਠ ਕੇ ਕੋਝੀਆਂ ਚਾਲਾਂ ਚੱਲ ਕੇ ਜਥੇਦਾਰ ਦਾਦੂਵਾਲ ਦੇ ਕਿਰਦਾਰ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਸੀ ਅੱਜ ਉਹ ਕੱਖੋਂ ਹੌਲੇ ਹੋ ਕੇ ਜਥੇਦਾਰ ਸਾਹਿਬਾਨਾਂ ਵੱਲੋਂ ਲਗਾਈਆਂ ਸਜ਼ਾਵਾਂ ਭੁਗਤ ਰਹੇ ਹਨ । ਜਥੇਦਾਰ ਦਾਦੂਵਾਲ ਕੌਮ ਦੀ ਉਹ ਸ਼ਖਸੀਅਤ ਹਨ ਜਿਹੜੇ ਗੁਰੂ ਦੇ ਆਸਰੇ ਨਾਲ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਲਕੀਰ ਖਿੱਚ ਕੇ ਤੁਰੇ ਹੋਏ ਹਨ ।

**ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ ਦਾ (ਚੋਣ ਨਿਸ਼ਾਨ ਸਮੁੰਦਰੀ ਜਹਾਜ਼)**




**ਹਰਿਆਣਾ ਦੀਆਂ ਸਿੱਖ ਸੰਗਤਾਂ ਦਾ ਮੁਢਲਾ ਫਰਜ਼ ਬਣਦਾ ਹੈ ਕਿ ਜਥੇਦਾਰ ਦਾਦੂਵਾਲ ਤੇ ਉਨਾਂ ਦੇ ਸਹਿਯੋਗੀ ਹਰਿਆਣਾ ਕਮੇਟੀ ਦੇ ਮੈਂਬਰ ਚੁਣ ਕੇ ਸਿੱਖ ਕੌਮ ਦੀ ਪ੍ਰਚਾਰ ਪ੍ਰਸਾਰ ਲਹਿਰ ਨੂੰ ਹੋਰ ਅੱਗੇ ਵਧਾਉਣ।**



--★ ਬੇਨਤੀ ਕਰਤਾ ★--

## ਭਾਈ ਕਪਤਾਨ ਸਿੰਘ

### ਪੰਥਕ ਆਗੂ

### ਯੂ. ਕੇ. (ਇੰਗਲੈਂਡ)

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ



☛ ਟੁੱਟੀ ਗੰਢੀ 40 ਮੁਕਤੀਆਂ ਯਾਦ ਨੂੰ ਸਮਰਪਿਤ ਸ੍ਰੀ ਮੁਕਤਸਰ ਸਾਹਿਬ ਜੀ ☛ ਸਲਾਨਾ ਬਰਸੀ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।



ਗਿਆਨੀ ਜਨਪਾਲ ਸਿੰਘ ਕੇਸਰੀ

**ਸ਼ਨਿੱਚਰਵਾਰ 18 ਜਨਵਰੀ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ**

ਐਤਵਾਰ 19 ਜਨਵਰੀ 2025 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਗਿਆਨੀ ਜਨਪਾਲ ਸਿੰਘ ਕੇਸਰੀ ਕਥਾ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਭਾਈ ਹਰਵਿੰਦਰ ਸਿੰਘ ਨਗਰ ਉਲਮੇਲਤਾ ਦੇ ਗੁਰ ਸਿੱਖ ਪਰਿਵਾਰ ਵੱਲੋਂ ਲਈ ਗਈ ਹੈ

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

ਗੁਰੂ ਨਗਰੀ ਵਿਖੇ ਧਾਰਮਿਕ ਸਭਾ ਸੁਸਾਇਟੀਆਂ ਦਾ ਪਿਛੋਕੜ ਅਤੇ ਸਮਾਜਿਕ ਸੇਵਾਵਾਂ ਵਿਚ ਅਹਿਮ ਯੋਗਦਾਨ ਨੂੰ ਸਮਰਪਿਤ

# ਕੀਰਤਨ ਦਰਬਾਰ ਕਰਵਾਇਆ ਗਿਆ



**ਸ੍ਰੀ ਅੰਮ੍ਰਿਤਸਰ ਸਾਹਿਬ, 15 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਮੁੱਢ ਕਦੀਮਾ ਤੋਂ ਚਲੀ ਆ ਰਹੀਆਂ ਪ੍ਰੰਪਰਾਵਾਂ ਅਨੁਸਾਰ ਗੁਰੂਖ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਗੁਰੂ ਸਾਹਿਬ ਜੀ ਵੱਲੋਂ ਦਰਸਾਏ ਮਾਰਗ ਤੇ ਚਲਦਿਆਂ ਵੱਖ ਵੱਖ ਸਾਧਨਾਂ ਅਤੇ ਢੰਗ ਤਰੀਕਿਆਂ ਨਾਲ ਗੁਰੂ ਸਾਹਿਬ ਦੇ ਉਪਦੇਸ਼ਾਂ ਨੂੰ ਘਰ ਘਰ ਪਹੁੰਚਾਉਣ ਲਈ ਯਤਨਸ਼ੀਲ ਰਹਿੰਦੀਆ ਹਨ ਅਤੇ ਇਸ ਦੇ ਸਾਰਥਿਕ ਨਤੀਜੇ ਵੀ ਸਾਹਮਣੇ ਆਏ ਹਨ ਅਤੇ ਆ ਰਹੇ ਹਨ। ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਧਾਰਮਿਕ ਸਭਾ ਸੁਸਾਇਟੀਆਂ ਦਾ ਇਹ ਸਿਲਸਿਲਾ 1962 ਤੋਂ ਹੀ ਆਰੰਭ ਹੋ ਗਿਆ ਸੀ ਜਿਸ ਦਾ ਸਿਹਰਾ ਮਿਸ਼ਰੀ ਬਜਾਰ ਵਾਲੇ ਸਚਖੰਡ ਵਾਸੀ ਸ੍ਰ ਮਨੋਹਰ ਸਿੰਘ ਜੀ ਖੰਡ ਵਾਲਿਆਂ ਨੂੰ ਜਾਂਦਾ ਹੈ। ਜਿੰਨ੍ਹਾਂ ਨੇ ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ ਦੇ ਮਹਾਂਵਾਕ ਅਨੁਸਾਰ ਸਿੱਖੀ ਦੇ ਬੂਟੇ ਨੂੰ ਹਰਿਆ ਭਰਿਆ ਰੱਖਣ ਲਈ ਅਤੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਲਈ ਜਪੁਜੀ ਸਾਹਿਬ ਸੇਵਾ ਸੁਸਾਇਟੀ ਦਾ ਮੁੱਢ ਬੰਨ ਦਿੱਤਾ ਸੀ ਗੁਰਪੁਰ ਵਾਸੀ ਸ੍ ਮਨੋਹਰ ਸਿੰਘ ਨੇ ਜਿਥੇ ਕੰਪਨੀ ਬਾਗ ਵਿੱਚ ਅਨੇਕਾਂ ਕੀਰਤਨ ਦਰਬਾਰ ਕਰਵਾਕੇ ਉਭਰਦੇ ਰਾਗੀ ਜੱਥਿਆਂ ਨੂੰ ਵਿਸ਼ਵ ਪ੍ਰਸਿੱਧੀ ਦਿਵਾਈ ਜਿੰਨ੍ਹਾਂ ਵਿੱਚ ਸਚਖੰਡ ਵਾਸੀ ਭਾਈ ਹਰਬੰਸ ਸਿੰਘ ਜਗਾਧਰੀ ਵਾਲੇ, ਭਾਈ ਅਮਰੀਕ ਸਿੰਘ ਜ਼ਖ਼ਮੀ, ਭਾਈ ਦਇਆ ਸਿੰਘ, ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ, ਭਾਈ ਧਰਮ ਸਿੰਘ ਸਿੰਘ ਜ਼ਖ਼ਮੀ, ਆਦਿ ਨੂੰ ਬੁਲੰਦੀਆਂ ਤੇ ਪਹੁੰਚਾਇਆ,ਉਥੇ ਹੀ ਗੁਰੂ ਘਰ ਦੇ ਮਹਾਨ ਕੀਰਤਨੀਏ ਪ੍ਰੋਫੈਸਰ ਦਰਸ਼ਨ ਸਿੰਘ ਲੁਧਿਆਣੇ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹੋਣ ਦਾ ਮਾਣ ਪ੍ਰਾਪਤ ਵੀ ਹੋਇਆ। 1966 ਤੋਂ ਬਾਅਦ ਤਾਂ ਹਰ ਗਲੀ,ਹਰ ਮੁਹੱਲੇ ਵਿਚ ਗੁਰਬਾਣੀ ਦੇ ਪ੍ਰਚਾਰ ਲਈ ਧਾਰਮਿਕ ਸਭਾ ਸੁਸਾਇਟੀਆ ਦਾ ਹੜ ਹੀ ਆ ਗਿਆ ਜਿੰਨ੍ਹਾਂ ਨੇ ਪੂਰੀ ਸ਼ਿੱਦਤ ਅਤੇ ਉਤਸ਼ਾਹ ਨਾਲ ਨਿਰਸੁਆਰਥ ਲੋਕਾਂ ਨੂੰ ਆਪਣੇ ਨਾਲ ਜੋੜਿਆ ਜੋ ਅੱਜ ਵੀ ਨਿਰਵਿਘਨ ਜਾਰੀ ਹੈ। ਅੱਜ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਲੱਗਭਗ 450 ਦੇ ਕਰੀਬ ਵੱਖ ਵੱਖ ਨਾਂਅ ਹੇਠ ਨਿਸ਼ਕਾਮ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀਆ ਘਰ ਘਰ ਗੁਰਬਾਣੀ ਦੀਆਂ ਗੂੰਜਾਂ ਨਾਲ ਨਸ਼ਿਆਂ ਦੇ ਛੇਵੇਂ ਦਰਿਆ ਵਿਚ ਗਲਤਾਨ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਇਸ ਦਲਦਲ ਚੋਂ ਕੱਢਣ ਲਈ ਯਤਨਸ਼ੀਲ ਹਨ । । ਇਸੇ ਲੜੀ ਤਹਿਤ 1966 ਵਿਚ ਹੋਂਦ ਚ ਆਈ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਗੁਰਦੁਆਰਾ ਬੀਬੀ ਕੌਲਾਂ ਜੀ ਦੇ ਪਹਿਲੇ ਦਿਨ ਤੋਂ ਅੱਜ ਤੱਕ ਚਲੇ ਆ ਰਹੇ ਮੁੱਖ ਸੇਵਾਦਾਰ ਸ੍ ਗੁਰਦੀਪ ਸਿੰਘ ਸਲੂਜਾ ਦੀਆਂ ਸੇਵਾਵਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।ਭਾਈ ਗੁਰਦੀਪ ਸਿੰਘ ਸਲੂਜਾ ਦੀ ਰਹਿਨੁਮਾਈ ਹੇਠ ਬੀਬੀ ਕੌਲਾਂ ਜੀ ਫ੍ਰੀ ਹਸਪਤਾਲ, ਬੀਬੀ ਕੌਲਾਂ ਜੀ ਫ੍ਰੀ ਸਿਖਲਾਈ ਸੈਂਟਰ, ਆਦਿ ਸੰਗਤਾਂ ਦੀ ਝੋਲੀ ਵਿਚ ਪਾਏ। ਹਿੰਦੋਸਤਾਨ ਦੇ ਕੋਨੇ ਕੋਨੇ ਵਿਚ 260 ਦੇ ਕਰੀਬ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀਆ ਸਿੱਖੀ ਦੇ ਬੂਟੇ ਨੂੰ ਹਰਿਆ ਭਰਿਆ ਰੱਖਣ ਲਈ ਯਤਨਸ਼ੀਲ ਹਨ। ਸਚਖੰਡ ਵਾਸੀ ਸ੍ਰ ਅਜੀਤ ਸਿੰਘ ਉਨ ਵਾਲੇ ਮੁੱਖ ਸੇਵਾਦਾਰ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਚੌਂਕ ਦਰਬਾਰ ਸਾਹਿਬ ਦਾ ਨਾਮ ਕਿਸੇ ਪਹਿਚਾਣ ਦਾ ਮੁਥਾਜ ਨਹੀਂ ਹੈ ਉਨ੍ਹਾਂ ਨੇ ਵੀ ਲਗਪਗ 37 ਸਾਲ ਮੱਸਿਆ ਤੋਂ ਇਕ ਦਿਨ ਪਹਿਲਾਂ ਚੌਦੈ ਵਾਲੀ ਰਾਤ ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ ਦੇ ਪਾਵਨ ਅਸਥਾਨ ਤੋਂ ਅਰਦਾਸ ਕਰਕੇ ਸੈਂਕੜੇ ਸੰਗਤਾਂ ਨੂੰ ਨਾਲ਼ ਲੈਕੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਸਥਾਨ ਤਰਨ ਤਾਰਨ ਸਾਹਿਬ ਵਿਖੇ ਪੈਦਲ ਚੌਂਕੀ ਸਾਹਿਬ ਲੈਕੇ ਜਾਣ ਦੀ ਸੇਵਾ ਨਿਭਾਈ। ਇਥੇ ਹੀ ਬਸ ਨਹੀਂ ਲਗਪਗ 58 ਸਾਲ ਮਹਾਨ ਕੀਰਤਨ ਦਰਬਾਰ ਕਰਵਾਕੇ ਨਗਰ ਕੀਰਤਨ ਵਿੱਚ ਬੱਚਿਆਂ ਨੂੰ ਫੈਸੀ ਡਰੈੱਸ ਪਹਿਣਾ ਕੇ ਅਤੇ ਘੋੜਿਆਂ ਉਪਰ ਬਿਠਾ ਕੇ ਨਗਰ ਕੀਰਤਨ ਦੀ ਸ਼ੋਭਾ ਵਧਾਉਣਾ ਉਹਨਾ ਦਾ ਸ਼ੌਕ ਤੇ ਚਾਉ ਸੀ। ਨਿਹੰਗ ਸਿੰਘ ਸਜੇ ਬੱਚੇ ਹੀਰੇ ਨੂੰ ਭਲਾ ਕੌਣ ਭੁੱਲਾ ਸਕਦਾ ਹੈ ।ਬੀਤੇ ਵਰ੍ਹੇ ਹਫਤਾਵਾਰੀ ਪ੍ਰੋਗਰਾਮ ਦੌਰਾਨ ਤਬੀਅਤ ਜ਼ਿਆਦਾ ਵਿਗੜ ਜਾਣ ਕਾਰਨ ਗੁਰਪੁਰੀ ਸਿਧਾਰ ਗਏ ।ਇਹ ਸੇਵਾਵਾਂ ਉਹ ਅੰਤਿਮ ਸਵਾਸਾਂ ਸੰਗ ਨਿਭਾ ਗਏ। ਇਸੇ ਲੜੀ ਤਹਿਤ ਸ੍ਰੀ ਗੁਰੂ ਰਾਮਦਾਸ ਲੋਕ ਭਲਾਈ ਸੁਸਾਇਟੀ ਦੇ ਮੁੱਖ ਸੇਵਾਦਾਰ ਭਾਈ ਸੁਰਿੰਦਰ ਸਿੰਘ ਅਰੋੜਾ ਵੀਰ ਜੀ ਵੀ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦੇ ਨਾਲ ਨਾਲ ਇਬਣ ਕਲਾਂ ਵਿਖੇ ਸਮਾਜ ਅਤੇ ਆਪਣਿਆਂ ਵੱਲੋਂ ਠੁਕਰਾਏ ਬੇਰੁਜ਼ਗਾਰ ਬਜ਼ੁਰਗਾਂ ਲਈ ਫ੍ਰੀ ਬਿਰਧ ਘਰ ਖੋਲ ਕੇ ਆਪਣੇ ਮਾਤਾ ਪਿਤਾ ਅਤੇ ਦੇਸ਼ ਕੌਮ ਦਾ ਨਾਮ ਰੌਸ਼ਨ ਕਰਦਿਆਂ ਵਡਮੁੱਲਾ ਯੋਗਦਾਨ ਪਾ ਰਹੇ ਹਨ। ਇਸੇ ਕੜੀ ਤਹਿਤ ਗੁਰੂ ਘਰ ਦੇ ਅਨਿਨ ਸੇਵਕ ਪੰਥ ਪ੍ਰਸਿੱਧ ਵਿਦਵਾਨ, ਨਿਸ਼ਕਾਮ ਕੀਰਤਨੀਏ ਭਾਈ ਗੁਰਇਕਬਾਲ ਸਿੰਘ ਦੀਆਂ ਪੰਥ ਅਤੇ ਸਮਾਜ ਪ੍ਰਤੀ ਆਪਣੇ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਹਰ ਗੁਰਸਿੱਖ ਦਾ ਰਹਿੰਦੀ ਦੁਨੀਆਂ ਤੱਕ ਰੋਮ ਰੋਮ ਰਿਣੀਂ ਰਹੇਗਾ। ਇਸ ਲੇਖ ਵਿੱਚ ਵਿਚ ਸਿੱਖੀ ਨੂੰ ਪ੍ਰਫੁੱਲਿਤ ਕਰਨ ਲਈ ਪਾਏ ਵਿਸ਼ੇਸ਼ ਯੋਗਦਾਨ ਲਈ ਅਗਰ ਸਚਖੰਡ ਵਾਸੀ ਭਾਈ ਸੋਭਾ ਸਿੰਘ ਦਾ ਜਿਕਰ ਨਾਂ ਕੀਤਾ ਜਾਵੇ ਤਾਂ ਬਹੁਤ ਬੇਇਨਸਾਫ਼ੀ ਹੋਵੇਗੀ। ਭਾਈ ਸੋਭਾ ਸਿੰਘ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਸਤਿਸੰਗ ਸਭਾ ਨਾਮ ਦੀ ਸੁਸਾਇਟੀ ਦੀ ਸ਼ੁਰੂਆਤ ਕਰਕੇ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 15 ਵੱਡੇ ਧਾਰਮਿਕ ਦੀਵਾਨ ਵੱਖ ਵੱਖ ਇਲਾਕਿਆਂ ਵਿਚ ਅੰਮ੍ਰਿਤ ਵੇਲੇ 4ਵਜੇ ਤੋਂ ਸਵੇਰੇ 11ਵਜੇ ਤੱਕ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਉਪਰੰਤ,16 ਵਾਂ ਧੰਨਵਾਦ ਦਿਵਸ ਮੌਕੇ ਆਪਣੇ ਸੈਂਕੜੇ ਮੈਂਬਰਾਂ ਨੂੰ ਹੌਸਲਾ ਅਫਜਾਈ ਲਈ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ।ਮਧਰਾ ਕੱਦ ਅਤੇ ਅਕਿਹਰੇ ਸਰੀਰ ਦੇ ਮਾਲਿਕ ਭਾਈ ਸੋਭਾ ਸਿੰਘ ਜੀ ਵੱਲੋਂ ਸਿੱਖੀ ਦੀ ਫੁਲਵਾੜੀ ਨੂੰ ਹਰਿਆ ਭਰਿਆ ਰੱਖਣ ਲਈ ਪੰਥਕ ਸਫਾਂ ਵਿੱਚ ਜਦੋਂ ਸੇਵਾ ਅਤੇ ਸਿਮਰਨ ਦੀ ਜਿਥੇ ਗੱਲ ਚਲਦੀ ਹੈ ਤਾਂ ਭਾਈ ਸੋਭਾ ਸਿੰਘ ਜੀ ਦ ਨਾਮ ਬੜੇ ਅਦਬ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਉਹਨਾਂ ਨੇ ਵੀ ਇਹ ਸੇਵਾ ਅੰਤਿਮ ਸਵਾਸਾਂ ਤਕ ਨਿਭਾਈ। ਅੱਜ ਕੱਲ੍ਹ ਇਹ ਸੇਵਾ ਉਹਨਾਂ ਦੇ ਫਰਜ਼ੰਦ ਨਿਭਾ ਰਹੇ ਹਨ ।ਸੰਗਤਾਂ ਦੀ ਜਾਣਕਾਰੀ ਲਈ ਇਹ ਜੋ ਚੰਦ ਕੂ ਨਾਮ ਲਿਖੇ ਹਨ ਕੇਵਲ ਇਸ ਲਈ ਹਨ ਕਿ ਇਹਨਾਂ ਧਾਰਮਿਕ ਸਭਾ ਸੁਸਾਇਟੀਆਂ ਦੇ ਆਗੂਆਂ ਨੂੰ ਸੰਗਤਾਂ ਵੱਲੋਂ ਮਿਲੇ ਸਹਿਯੋਗ,ਤਿਲ ਫੁੱਲ ਭੇਂਟ ਕੀਤੀ ਮਾਇਆ ਦਾ ਸਦਉਪਯੋਗ ਕਰਕੇ ਸੰਗਤਾਂ ਦੀ ਸਹੂਲਤ ਲਈ ਬਣਾਏ ਹਸਪਤਾਲ, ਸਕੂਲ , ਸਰਾਵਾਂ ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਦਾ ਨਾਂਮਾਤਰ ਕੀਮਤ ਤੇ ਹਜ਼ਾਰਾਂ ਲੋਕ ਰੋਜ਼ਾਨਾ ਲਾਭ ਉਠਾ ਰਹੇ ਹਨ ।ਇਸੇ ਖੇਤਰ ਦੇ ਸੰਦਰਭ ਵਿਚ ਅੱਜ ਇਕ ਹੋਰ ਨਾਮ ਜੁੜ ਗਿਆ ਹੈ ।ਧਾਰਮਿਕ ਸੰਸਥਾ ਸ਼ਬਦ ਕੀਰਤਨ ਨਾਮ ਸਿਮਰਨ ਸਤਿਸੰਗ ( ਰਜਿ) ਸੁਸਾਇਟੀ ਵੱਲੋਂ ਰਾਧਾ ਕ੍ਰਿਸ਼ਨ ਕਲੋਨੀ ਸਥਿਤ ਨਜ਼ਦੀਕ ਦਾਨਾ ਮੰਡੀ ਭਗਤਾਂ ਵਾਲਾ ਮੂਲੇ ਚੱਕ ਵਿਖੇ ਲੋਕ ਭਲਾਈ ਕਾਰਜਾਂ ਲਈ ਨਵ ਨਿਰਮਾਣ ਉਸਾਰੀ ਅਧੀਨ ਬਿਲਡਿੰਗ ਤੇਰਾ ਆਸਰਾ ਸੇਵਾ -ਸਿਮਰਨ-ਭਲਾਈ ਬਿਲਡਿੰਗ ਦਾ ਲੈਂਟਰ ਪਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਚੌਪਈ ਸਾਹਿਬ, ਆਨੰਦ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਪੰਜ ਸਰੋਵਰਾਂ ਦੇ ਜਲ ਦਾ ਛਿੜਕਾਅ ਕਰਦੇ ਹੋਏ ਵੱਡੀ ਗਿਣਤੀ ਵਿਚ ਸੰਗਤਾਂ ਵੱਲੋਂ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਵਾਤਾਵਰਨ ਸ਼ੁੱਧ ਹੋ ਗਿਆ। ਦੱਸਣਯੋਗ ਹੈ ਕਿ 1982 ਨੂੰ ਹੋਂਦ ਵਿਚ ਆਈ ਇਹ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਸ਼ਹਿਰ ਦੇ ਵੱਖ ਵੱਖ ਇਤਿਹਾਸਿਕ ਅਸਥਾਨਾਂ ਤੇ ਜੀਵਨ ਜੁਗਤਿ ਸਮਾਗਮ ਦੀ ਲੜੀ ਤੋ ਇਲਾਵਾ ਹਰ ਹਫ਼ਤੇ ਐਤਵਾਰ ਘਰਾਂ ਵਿੱਚ ਵਿਚ ਵਾਰੀ ਅਨੁਸਾਰ ਸ੍ਰੀ ਸੁਖਮਨੀ ਸਾਹਿਬ ਜੀ ਦੇ ਸੰਗਤ ਰੂਪੀ ਪਾਠ ਉਪਰੰਤ ਗੁਰਬਾਣੀ ਦੇ ਰਸਭਿੰਨੇ ਕੀਰਤਨ ਦੀ ਛਹਿਬਰ ਦੁਆਰਾ ਸੰਗਤਾਂ ਨੂੰ ਨਿਹਾਲ ਕਰ ਰਹੀ ਹੈ ।ਤਹਿਤ ਹਜ਼ਾਰਾਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਦਾ ਉਪਰਾਲਾ ਕਰ ਰਹੀ ਹੈ ਸੰਸਥਾ ਦੇ ਮੁਖੀ ਭਾਈ ਜਸਬੀਰ ਸਿੰਘ ਬੈਂਕ ਵਾਲਿਆਂ ਨੇ ਸ੍ ਰਜਿੰਦਰ ਸਿੰਘ ਸਾਂਘਾ ਨਾਲ ਫੋਨ ਤੇ ਗੱਲਬਾਤ ਦੌਰਾਨ ਦੱਸਿਆ ਕਿ 100 ਗਜ ਵਿਚ ਬਣਨ ਵਾਲੀ ਇਸ ਬਿਲਡਿੰਗ ਵਿਚ ਹਰ ਤਰ੍ਹਾਂ ਦੀਆ ਸਹੂਲਤਾਂ ਦੇਣ ਦਾ ਸੰਕਲਪ ਲਿਆ ਗਿਆ ਹੈ ਜਿਸ ਵਿਚ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਫ੍ਰੀ ਸਿਲਾਈ ਕਢਾਈ, ਕਟਾਈ ਸੈਂਟਰ, ਲੋੜਵੰਦ ਬੱਚਿਆਂ ਲਈ ਪੜ੍ਹਾਈ ਦੇ ਵਿਸ਼ੇਸ਼ ਪ੍ਰਬੰਧ, ਕੰਮਪਿਊਟਰ ਕੋਰਸ ਆਦਿ ਪ੍ਰਮੁੱਖ ਟੀਚੇ ਹਨ। ਜਿਹਨਾਂ ਨੂੰ ਸੰਗਤਾਂ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਜਾਏਗਾ। ਉਹਨਾਂ ਸੰਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਨਿਮਰਤਾ ਸਹਿਤ ਅਪੀਲ/ ਬੇਨਤੀ ਕਰਦਿਆਂ ਆਖਿਆ ਕਿ ਭਾਗਾਂ ਵਾਲਿਉ ਚਲ ਰਹੇ ਸੇਵਾ ਦੇ ਇਸ ਮਹਾਨ ਕੁੰਭ ਵਿਚ ਹੱਥੀ ਸੇਵਾ ਕਰਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।ਸੇਵਾ ਦੇ ਖੇਤਰ ਵਿਚ ਵੱਖ ਵੱਖ ਨਿਸ਼ਕਾਮ ਸੇਵਾਵਾਂ ਨਿਭਾਉਣ ਵਾਲੇ ਗੁਰਮੁਖਾਂ ਦਾ ਜਿਕਰ ਅਗਲੇ ਲੇਖ ਵਿਚ ਕੀਤਾ ਜਾਵੇਗਾ ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੇਵਕ ਏਜੰਸੀ ਵਾਲੇ ਭਾਈ ਚਰਨਜੀਤ ਸਿੰਘ ਆਖੰਡ ਕੀਰਤਨੀ ਜੱਥਾ, ਸ੍ ਵਿਰਸਾ ਸਿੰਘ ਸਤਿੰਦਰ ਸਿੰਘ, ਐਡਵੋਕੇਟ ਸ੍ ਵਿਰਸਾ ਮਨਿੰਦਰ ਸਿੰਘ ਸੂਰੀ, ਸ੍ ਜਸਬੀਰ ਸਿੰਘ ਸਾਬਕਾ ਏ ਜੀ ਐਮ, ਭਾਈ ਜਗਦੀਸ਼ ਸਿੰਘ ਸਿੰਘ, ਸ੍ ਹਰਜੀਤ ਸਿੰਘ ਸਾਬਕਾ ਐਸ ਡੀ ਉ, ਸ੍ ਸ਼ਰਨਜੀਤ ਸਿੰਘ ਪੱਖਿਆਂ ਨੇ ਵਾਲੇ, ਸ੍ ਭੁਪਿੰਦਰ ਸਿੰਘ, ਸ੍ ਗੁਰਬਖਸ਼ ਸਿੰਘ ਬੱਗਾ , ਇੰਜੀਨੀਅਰ ਦਰਸ਼ਨ ਸਿੰਘ ਚਾਨੀ , ਸ੍ ਜੋਗਿੰਦਰ ਸਿੰਘ ਟੰਡਨ, ਸ੍ ਵਿਰਸਾ ਸਿੰਘ,ਗੁਰਮੀਤ ਸਿੰਘ, ਸ੍ ਜਗਜੀਤ ਸਿੰਘ, ਸ੍ ਜਗਦੀਸ਼ ਸਿੰਘ ਚੋਹਕਾ ਵਾਲੀਆਂ, ਭਾਈ ਅਵਤਾਰ ਸਿੰਘ ਖਾਲਸਾ, ਜਵਾਹਰ ਲਾਲ ਸਿੰਘ, ਸ੍ਰੀ ਸੁਨੀਲ ਕੁਮਾਰ ਸ੍ਰੀ ਅਸ਼ੋਕ ਕੁਮਾਰ, ਸ੍ ਹਰਜਿੰਦਰ ਸਿੰਘ ਬਿੱਟੂ ਭਾਈ ਸੂਬਾ ਸਿੰਘ, ਸ੍ਰੀ ਪਵਨ ਕੁਮਾਰ, ਸ੍ ਦਵਿੰਦਰ ਸਿੰਘ ਨਿਰਮਲ, ਸ੍ ਅਮਰਜੀਤ ਸਿੰਘ ਰੰਧਾਵਾ, ਸ੍ ਅਮਰਜੀਤ ਸਿੰਘ ਬਾਰਦਾਨੇ ਵਾਲੇ ,ਕੈਪਟਨ ਹਰਕੀਰਤ ਸਿੰਘ, ਬੀਬੀ ਮਨਜੀਤ ਕੌਰ, ਸੁਰਿੰਦਰ ਕੌਰ ਖਾਲਸਾ, ਫੋਟੋ ਗਰਾਫਰ ਪੱਪੂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਚੌਥੀ ਲੜੀ ਦੇ 13 ਸ੍ਰੀ ਅਖੰਡ ਪਾਠ ਸਾਹਿਬ ਹੋਏ ਆਰੰਭ 13 ਸ੍ਰੀ ਅਖੰਡ ਪਾਠ ਸਾਹਿਬ ਦੇ ਪਏ ਭੋਗ



**ਅੰਮ੍ਰਿਤਸਰ 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ, ਅੱਡਾ ਬਾਉਲੀ, ਰਾਮ ਤੀਰਥ ਰੋਡ,ਸ਼੍ਰੀ ਅੰਮ੍ਰਿਤਸਰ ਦੇ ਮੁਖ ਪ੍ਰਬੰਧਕ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਜੀ ਦੀ ਰਹਿਨੁਮਾਈ ਹੇਠ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਅਤੇ ਬਾਬਾ ਕੁੰਦਨ ਸਿੰਘ ਜੀ ਦੀ 100 ਸਾਲਾ ਜਨਮ ਸ਼ਤਾਬਦੀ ਨੂੰ ਮਨਾਉਂਦੇ ਹੋਏ ਮਹਾਨ ਇਕੋਤਰੀ ਸਮਾਗਮ 101 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ 9 ਜਨਵਰੀ ਤੋਂ 27 ਜਨਵਰੀ ਤੱਕ ਦਾਤਾ ਬੰਦੀ ਛੋੜ ਪਬਲਿਕ ਸਕੂਲ ਰਾਮ ਤੀਰਥ ਰੋਡ,ਅੰਮ੍ਰਿਤਸਰ ਵਿਖੇ ਹੋ ਰਹੇ ਹਨ ।ਅੱਜ ਮਹਾਨ ਇਕੋਤਰੀ ਸਮਾਗਮ ਦੀ ਚੌਥੀ ਲੜੀ 'ਚ 13 ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ।ਉਪਰੰਤ ਪੰਜਵੀਂ ਲੜੀ ਦੇ 13 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ। ਇਸ ਮੌਕੇ ਭਾਈ ਅਮਨਦੀਪ ਸਿੰਘ ਜੀ ਬੀਬੀ ਕੋਲਾਂ ਵਾਲਿਆਂ ਦੇ ਕੀਰਤਨੀ ਜੱਥੇ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਚਲਦੇ ਸਮਾਗਮ ਦੌਰਾਨ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਗੁਰੂ ਘਰ ਨਤਮਸਤਕ ਹੋਏ ।ਭਾਈ ਅਮਨਦੀਪ ਸਿੰਘ ਜੀ ਨੇ ਦੱਸਿਆ ਇਹ ਗੁਰਬਾਣੀ ਦਾ ਜੱਗ 9 ਜਨਵਰੀ ਤੋਂ 27 ਜਨਵਰੀ ਤੱਕ ਨਿਰੰਤਰ ਚੱਲੇਗਾ। ਜਿਸ ਵਿੱਚ ਰੋਜਾਨਾ ਦੁਪਹਿਰ 12:00 ਵਜੇ ਤੋਂ 2 ਵਜੇ ਤੱਕ ਸਿੱਖ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਸੰਗਤਾਂ ਦੇ ਦਰਸ਼ਨ ਕਰਨੀਆਂ। ਉਹਨਾਂ ਦੱਸਿਆ 25 ਜਨਵਰੀ ਦਿਨ ਸ਼ਨੀਵਾਰ 12 ਵਜੇ ਬੱਚਿਆਂ ਦੀ ਸਮੂਹਿਕ ਦਸਤਾਰ ਬੰਦੀ ਹੋਵੇਗੀ ।26 ਜਨਵਰੀ ਦਿਨ ਐਤਵਾਰ ਨੂੰ ਅੰਮ੍ਰਿਤ ਸੰਚਾਰ ਸਵੇਰੇ 11:00 ਵਜੇ ਹੋਵੇਗਾ ਅਤੇ ਉਪਰੰਤ ਜਪ ਤਪ ਸਮਾਗਮ ਹੋਣਗੇ ਅਤੇ 27 ਜਨਵਰੀ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ੇਸ਼ ਚੁਪਹਿਰਾ ਜਪ ਤਪ ਸਮਾਗਮ ਹੋਵੇਗਾ। ਇਹਨਾਂ ਸਮਾਗਮਾਂ ਵਿੱਚ ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼, ਗੁਰੂ ਘਰ ਦੇ ਕੀਰਤਨੀਏ ਸੰਗਤਾਂ ਦੇ ਦਰਸ਼ਨ ਕਰਨਗੇ ।ਭਾਈ ਸਾਹਿਬ ਵੱਲੋਂ ਸਮੂਹ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਬੇਨਤੀ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

# ਸਿੱਖਾਂ ਵੱਲੋਂ ਐਮਰਜੰਸੀ ਫ਼ਿਲਮ ਨੂੰ ਸਿਨੇਮਿਆਂ 'ਚੋਂ ਬੰਦ ਕਰਵਾਉਣਾ ਕੰਗਣਾ ਦੇ ਮੂੰਹ 'ਤੇ ਚਪੇੜ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

**ਅੰਮ੍ਰਿਤਸਰ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਅੱਜ ਪੰਜਾਬ ਭਰ ਵਿੱਚ ਸਿੱਖ ਜਥੇਬੰਦੀਆਂ ਨੇ ਕੰਗਨਾ ਰਣੌਤ ਦੀ ਫਿਲਮ ਐਮਰਜੰਸੀ ਨੂੰ ਸਿਨਮੇ ਘਰਾਂ ਵਿੱਚੋਂ ਬੰਦ ਕਰਵਾ ਕੇ ਕੰਗਨਾ ਰਣੌਤ ਦੇ ਮੂੰਹ ਉੱਤੇ ਕਰਾਰੀ ਚਪੇੜ ਮਾਰੀ ਹੈ। ਇਹ ਕੰਗਣਾ ਨੂੰ ਜਵਾਬ ਹੈ ਕਿ ਉਹ ਸਿੱਖਾਂ, ਪੰਜਾਬੀਆਂ, ਕਿਸਾਨਾਂ ਅਤੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਵਿਰੁੱਧ ਬਿਆਨਬਾਜੀ ਕਰਨ ਤੋਂ ਬਾਜ ਆ ਜਾਵੇ। ਉਹਨਾਂ ਕਿਹਾ ਕਿ ਸਿੱਖ ਜਥੇਬੰਦੀਆਂ ਨੇ ਕੰਗਨਾ ਰਣੌਤ, ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਨੂੰ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਅਸੀਂ ਇਸ ਫਿਲਮ ਨੂੰ ਪੰਜਾਬ ਵਿੱਚ ਹਰਗਿਜ਼ ਨਹੀਂ ਚੱਲਣ ਦਿਆਂਗੇ ਤੇ ਅੱਜ ਸਿੱਖ ਜਥੇਬੰਦੀਆਂ ਨੇ ਥਾਂ-ਥਾਂ ਉੱਤੇ ਰੋਸ ਪ੍ਰਦਰਸ਼ਨ ਕੀਤੇ ਹਨ ਤੇ ਇਸ ਫਿਲਮ ਨੂੰ ਸਿਨਮਾਂ ਘਰਾਂ ਵਿੱਚ ਚੱਲਣ ਤੋਂ ਰੁਕਵਾਇਆ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਕੰਗਣਾ ਹੁਣ ਕਹਿ ਰਹੀ ਹੈ ਕਿ ਇਹ ਕਲਾ ਅਤੇ ਕਲਾਕਾਰ ਦਾ ਅਪਮਾਨ ਹੈ, ਪਰ ਇਸ ਫਿਲਮ ਰਾਹੀਂ ਤਾਂ ਕੰਗਣਾ ਨੇ ਸਿੱਖ ਸੰਘਰਸ਼, ਸੰਤ ਜਰਨੈਲ ਸਿੰਘ ਅਤੇ ਖ਼ਾਲਿਸਤਾਨ ਦਾ ਅਪਮਾਨ ਕਰਨਾ ਚਾਹਿਆ ਸੀ। ਕੰਗਨਾ ਸਿੱਖਾਂ ਖਿਲਾਫ ਝੂਠ ਫੈਲਾ ਰਹੀ ਹੈ ਅਤੇ ਸਿੱਖਾਂ ਦਾ ਅਕਸ ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਹੈ। ਉਹਨਾਂ ਕਿਹਾ ਕਿ ਪੰਥ ਅਤੇ ਪੰਜਾਬ ਖ਼ਿਲਾਫ਼ ਭੁਗਤਦੀਆਂ ਫਿਲਮਾਂ ਉੱਤੇ ਬੈਨ ਨਹੀਂ ਲਗਾਇਆ ਜਾਂਦਾ, ਪਰ ਇਸ ਦੇ ਉਲਟ ਸਿੱਖ ਕੌਮ ਦਾ ਦਰਦ ਪੇਸ਼ ਕਰਦੀਆਂ ਫਿਲਮਾਂ ਸਾਡਾ ਹੱਕ, ਕੌਮੀ ਹੀਰੇ, ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ, ਸ਼ਹੀਦ ਭਾਈ ਜੁਗਰਾਜ ਸਿੰਘ ਤੂਫਾਨ, ਧਰਮ ਯੁੱਧ ਮੋਰਚਾ ਆਦਿ ਉੱਤੇ ਭਾਰਤ ਸਰਕਾਰ ਵੱਲੋਂ ਪਾਬੰਦੀ ਲਗਾ ਦਿੱਤੀ ਗਈ ਸੀ। ਉਹਨਾਂ ਕਿਹਾ ਕਿ ਕੰਗਣਾ ਰਣੌਤ ਆਚਰਨ ਤੋਂ ਗਿਰੀ ਹੋਈ ਔਰਤ ਹੈ ਜਿਸ ਦਾ ਕੋਈ ਦੀਨ-ਈਮਾਨ ਨਹੀਂ ਹੈ, ਭਾਜਪਾ ਇਸ ਨੂੰ ਤੁਰੰਤ ਨੱਥ ਪਾ ਲਵੇ, ਨਹੀਂ ਤਾਂ ਇਸ ਦੀ ਜ਼ਿਹਰ ਉਗਲਦੀ ਜ਼ੁਬਾਨ ਨੂੰ ਸਿੱਖ ਖਿੱਚਣ ਲਈ ਮਜਬੂਰ ਹੋ ਜਾਣਗੇ।



ਉਹਨਾਂ ਕਿਹਾ ਕਿ ਸੰਤ ਜਰਨੈਲ ਸਿੰਘ ਜੀ ਦੇ ਖਿਲਾਫ ਖ਼ਾਲਸਾ ਪੰਥ ਇੱਕ ਵੀ ਲਫਜ਼ ਬਰਦਾਸ਼ਤ ਨਹੀਂ ਕਰੇਗਾ, ਉਹ ਵੀਹਵੀਂ ਸਦੀ ਦੇ ਮਹਾਨ ਸਿੱਖ ਤੇ ਖ਼ਾਲਸਾ ਪੰਥ ਦੇ ਮਹਾਂਨਾਇਕ ਹਨ। ਉਹਨਾਂ ਕਿਹਾ ਕਿ ਅੱਤਵਾਦੀ ਸੰਤ ਭਿੰਡਰਾਂਵਾਲੇ ਨਹੀਂ, ਬਲਕਿ ਇੰਦਰਾ ਗਾਂਧੀ, ਜਨਰਲ ਵੈਦਿਆ ਅਤੇ ਲਾਲ ਕ੍ਰਿਸ਼ਨ ਅਡਵਾਨੀ ਸੀ। ਉਹਨਾਂ ਆਖਿਆ ਕਿ ਸਿੱਖ ਕੌਮ ਦੇ ਕੇਂਦਰੀ ਸਥਾਨ ਸ੍ਰੀ ਦਰਬਾਰ ਸਾਹਿਬ ਵਿੱਚ ਸੰਤ ਭਿੰਡਰਾਂਵਾਲਿਆਂ ਦਾ ਗੁਰਦੁਆਰਾ ਸੁਸ਼ੋਭਿਤ ਹੈ, ਸ਼ਹੀਦੀ ਗੈਲਰੀ ਅਤੇ ਅਜਾਇਬ ਘਰ ਵਿੱਚ ਉਹਨਾਂ ਦੀ ਤਸਵੀਰ ਵੀ ਸਥਾਪਿਤ ਹੈ। ਉਹਨਾਂ ਕਿਹਾ ਕਿ ਕੰਗਨਾ ਰਣੌਤ ਭਾਰਤੀ ਸਟੇਟ ਦੀ ਸੰਦ ਅਤੇ ਭਾਜਪਾ ਵੱਲੋਂ ਭੌਂਕਣ ਲਈ ਛੱਡੀ ਹੋਈ ਹੈ। ਉਹਨਾਂ ਕਿਹਾ ਕਿ ਕੰਗਨਾ ਰਨੌਤ ਵਿੱਚ ਇੰਦਰਾ ਗਾਂਧੀ ਦੀ ਰੂਹ ਵੜ ਚੁੱਕੀ ਹੈ ਤੇ ਕੰਗਨਾ ਵਾਰ ਵਾਰ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾ ਰਹੀ ਹੈ। ਇੰਦਰਾ ਗਾਂਧੀ ਦਾ ਹਸ਼ਰ ਸਭ ਦੇ ਸਾਹਮਣੇ ਹੈ, ਹੁਣ ਮੈਂਬਰ ਪਾਰਲੀਮੈਂਟ ਕੰਗਨਾ ਰਣੌਤ ਇਸ ਰਾਹੇ ਨਾ ਹੀ ਪਵੇ ਤਾਂ ਉਸ ਲਈ ਚੰਗਾ ਹੈ। ਉਹਨਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਦੀ ਮਹਾਨ ਸ਼ਖਸੀਅਤ ਬਾਰੇ ਸਾਨੂੰ ਕੰਗਨਾ ਰਣੌਤ ਜਾਂ ਹਿੰਦੁਸਤਾਨੀ ਸਰਕਾਰ ਕੋਲੋਂ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਚੌਥੀ ਲੜੀ ਦੇ 13 ਸ੍ਰੀ ਅਖੰਡ ਪਾਠ ਸਾਹਿਬ ਹੋਏ ਆਰੰਭ

# 13 ਸ੍ਰੀ ਅਖੰਡ ਪਾਠ ਸਾਹਿਬ ਦੇ ਪਏ ਭੋਗ



ਚੌਕ ਮਹਿਤਾ17 ਜਨਵਰੀ( ਬਾਬਾ ਸੁਖਵੰਤ ਸਿੰਘ ਚੰਨਣਕੇ )ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ, ਅੱਡਾ ਬਾਉਲੀ, ਰਾਮ ਤੀਰਥ ਰੋਡ ,ਸ਼੍ਰੀ ਅੰਮ੍ਰਿਤਸਰ ਦੇ ਮੁਖ ਪ੍ਰਬੰਧਕ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਜੀ ਦੀ ਰਹਿਨੁਮਾਈ ਹੇਠ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਅਤੇ ਬਾਬਾ ਕੁੰਦਨ ਸਿੰਘ ਜੀ ਦੀ 100 ਸਾਲਾ ਜਨਮ ਸ਼ਤਾਬਦੀ ਨੂੰ ਮਨਾਉਂਦੇ ਹੋਏ ਮਹਾਨ ਇਕੋਤਰੀ ਸਮਾਗਮ 101 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ 9 ਜਨਵਰੀ ਤੋਂ 27 ਜਨਵਰੀ ਤੱਕ ਦਾਤਾ ਬੰਦੀ ਛੋੜ ਪਬਲਿਕ ਸਕੂਲ ਰਾਮ ਤੀਰਥ ਰੋਡ, ਅੰਮ੍ਰਿਤਸਰ ਵਿਖੇ ਹੋ ਰਹੇ ਹਨ ।ਅੱਜ ਮਹਾਨ ਇਕੋਤਰੀ ਸਮਾਗਮ ਦੀ ਚੌਥੀ ਲੜੀ 'ਚ 13 ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਪੰਜਵੀਂ ਲੜੀ ਦੇ 13 ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ। ਇਸ ਮੌਕੇ ਭਾਈ ਅਮਨਦੀਪ ਸਿੰਘ ਜੀ ਬੀਬੀ ਕੌਲਾਂ ਵਾਲਿਆਂ ਦੇ ਕੀਰਤਨੀ ਜੱਥੇ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਚਲਦੇ ਸਮਾਗਮ ਦੌਰਾਨ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਗੁਰੂ ਘਰ ਨਤਮਸਤਕ ਹੋਏ ।ਭਾਈ ਅਮਨਦੀਪ ਸਿੰਘ ਜੀ ਨੇ ਦੱਸਿਆ ਇਹ ਗੁਰਬਾਣੀ ਦਾ ਜੱਗ 9 ਜਨਵਰੀ ਤੋਂ 27 ਜਨਵਰੀ ਤੱਕ ਨਿਰੰਤਰ ਚੱਲੇਗਾ। ਜਿਸ ਵਿੱਚ ਰੋਜਾਨਾ ਦੁਪਹਿਰ 12:00 ਵਜੇ ਤੋਂ 2 ਵਜੇ ਤੱਕ ਸਿੱਖ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ ਸੰਗਤਾਂ ਦੇ ਦਰਸ਼ਨ ਕਰਨੀਆਂ। ਉਹਨਾਂ ਦੱਸਿਆ 25 ਜਨਵਰੀ ਦਿਨ ਸ਼ਨੀਵਾਰ 12 ਵਜੇ ਬੱਚਿਆਂ ਦੀ ਸਮੂਹਿਕ ਦਸਤਾਰ ਬੰਦੀ ਹੋਵੇਗੀ ।26 ਜਨਵਰੀ ਦਿਨ ਐਤਵਾਰ ਨੂੰ ਅੰਮ੍ਰਿਤ ਸੰਚਾਰ ਸਵੇਰੇ 11:00 ਵਜੇ ਹੋਵੇਗਾ ਅਤੇ ਉਪਰੰਤ ਜਪ ਤਪ ਸਮਾਗਮ ਹੋਣਗੇ ਅਤੇ 27 ਜਨਵਰੀ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਵਿਸ਼ੇਸ਼ ਚੁਪਹਿਰਾ ਜਪ ਤਪ ਸਮਾਗਮ ਹੋਵੇਗਾ। ਇਹਨਾਂ ਸਮਾਗਮਾਂ ਵਿੱਚ ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼, ਗੁਰੂ ਘਰ ਦੇ ਕੀਰਤਨੀਏ ਸੰਗਤਾਂ ਦੇ ਦਰਸ਼ਨ ਕਰਨਗੇ ।ਭਾਈ ਸਾਹਿਬ ਵੱਲੋਂ ਸਮੂਹ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਬੇਨਤੀ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਆਵਾਜ਼ਿ ਕੌਮ AWAZE QAUM International Newspaper & WEB TV

ਵਰਲਡ ਸਿੱਖ ਪਾਰਲੀਮੈਂਟ ਵੱਲੋ ਕੌਮੀ ਜਜ਼ਬੇ ਤੇ ਪੰਥਕ ਸੋਚ ਨੂੰ ਪ੍ਰਣਾਏ ਹੋਏ

# ਬਾਪੂ ਸੂਰਤ ਸਿੰਘ ਖ਼ਾਲਸਾ ਜੀ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ



ਨਵੀਂ ਦਿੱਲੀ 17 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਵਰਲਡ ਸਿੱਖ ਪਾਰਲੀਮੈਂਟ ਬਾਪੂ ਸੂਰਤ ਸਿੰਘ ਖਾਲਸਾ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ, ਜੋ ਕਿ ਪੰਥਕ ਸੋਚ ਅਤੇ ਨਿਰਸਵਾਰਥ ਸੇਵਾ ਦੀ ਮਿਸਾਲ ਸਨ । ਵਰਲਡ ਸਿੱਖ ਪਾਰਲੀਮੈਂਟ ਦੇ ਕੋਆਰਡੀਨੇਟਰ ਭਾਈ ਹਿੰਮਤ ਸਿੰਘ ਅਮਰੀਕਾ, ਕੋ-ਕੋਆਰਡੀਨੇਟਰ ਭਾਈ ਗੁਰਚਰਨ ਸਿੰਘ ਗੁਰਾਇਆ ਜਰਮਨੀ, ਮੁੱਖ ਬੁਲਾਰੇ ਭਾਈ ਜੋਗਾ ਸਿੰਘ, ਜਨਰਲ ਸਕੱਤਰ ਭਾਈ ਮਨਪ੍ਰੀਤ ਸਿੰਘ ਇੰਗਲੈਂਡ, ਭਾਈ ਜਤਿੰਦਰ ਸਿੰਘ ਜਰਮਨੀ, ਭਾਈ ਜਸਵਿੰਦਰ ਸਿੰਘ, ਭਾਈ ਪ੍ਰਿਤਪਾਲ ਸਿੰਘ ਸਵਿਟਜ਼ਰਲੈਂਡ ਨੇ ਪ੍ਰੈੱਸ ਦੇ ਨਾਂ ਜਾਰੀ ਬਿਆਨ ਕਰਦਿਆਂ ਹੋਇਆਂ ਕਿਹਾ ਕਿ ਬਾਪੂ ਸੂਰਤ ਸਿੰਘ ਲੰਮੇ ਸਮੇਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ੀਲ ਸਨ ਤੇ ਉਹਨਾਂ ਦੀ ਕੌਮ ਪ੍ਰਤੀ ਅਟੁੱਟ ਵਚਨਬੱਧਤਾ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਰਹੇਗੀ ।16 ਜਨਵਰੀ, 2015 ਨੂੰ ਸ਼ੁਰੂ ਕੀਤੇ ਮਰਨ ਵਰਤ ਰਾਹੀਂ, ਬਾਪੂ ਸੂਰਤ ਸਿੰਘ ਜੀ ਨੇ ਬੰਦੀ ਸਿੰਘਾਂ ਨਾਲ ਹੋ ਰਹੀ ਬੇਇਨਸਾਫੀ ਅਤੇ ਦੁਰਦਸ਼ਾ ਵੱਲ ਪੂਰੀ ਦੁਨੀਆ ਦਾ ਧਿਆਨ ਦਿਵਾਇਆ। ਉਨ੍ਹਾਂ ਪੂਰੀ ਦ੍ਰਿੜਤਾ ਅਤੇ ਕੌਮੀ ਸਮਰਪਣ ਦੀ ਭਾਵਨਾ ਨਾਲ ਆਪਣੀ ਲੜਾਈ ਨੂੰ 14 ਜਨਵਰੀ 2023 ਤੱਕ ਤਕਰੀਬਨ 8 ਸਾਲ ਜਾਰੀ ਰੱਖਿਆ । ਇਸ ਦੌਰਾਨ ਸਰਕਾਰ ਵੱਲੋਂ ਉਹਨਾਂ ਦੇ ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕੀਤੀ ਪਰ ਬਾਪੂ ਸੂਰਤ ਸਿੰਘ ਆਪਣੇ ਨਿਸ਼ਾਨੇ ਤੇ ਦ੍ਰਿੜ ਰਹੇ । ਬਾਪੂ ਸੂਰਤ ਸਿੰਘ ਨੇ ਜੂਨ 1984 ਵਿੱਚ ਭਾਰਤ ਸਰਕਾਰ ਦੇ ਸ੍ਰੀ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਤੋਂ ਬਾਅਦ ਆਪਣੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਸੀ ਤੇ ਉਸ ਤੋਂ ਬਾਅਦ ਕੌਮੀ ਅਜ਼ਾਦੀ ਦੇ ਸੰਘਰਸ਼ ਵਿੱਚ ਯੋਗਦਾਨ ਪਾਉਂਦੇ ਰਹੇ । ਅਕਾਲ ਚਲਾਣੇ ਤੋਂ ਕੁਝ ਦਿਨ ਪਹਿਲਾਂ ਹੀ ਇੱਕ ਵੀਡੀਓ ਰਾਹੀਂ ਬਾਪੂ ਜੀ ਨੇ ਪੰਥਕ ਧਿਰਾਂ, ਬੁੱਧੀਜੀਵੀਆਂ, ਸਮਝਦਾਰ ਵਿਅਕਤੀਆਂ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਸੀ ਕਿ ਆਓ ਆਪਾਂ ਰਲ ਮਿਲ ਕੇ ਕੌਮ ਨੂੰ ਬਚਾ ਲਈਏ ਤੇ ਨੌਜਵਾਨਾਂ ਨੂੰ ਨਸ਼ਿਆਂ ਖਿਲਾਫ ਲਾਮਬੰਦ ਕਰਕੇ ਖੇਡਾਂ ਪ੍ਰਤੀ ਉਤਸਾਹਿਤ ਕਰੀਏ । ਬਾਪੂ ਜੀ ਦੀ ਕੌਮ ਨੂੰ ਚੜ੍ਹਦੀ ਕਲਾ ਵਿੱਚ ਦੇਖਣ ਦੀ ਭਾਵਨਾ ਅਤੇ ਕੌਮੀ ਸੇਵਾ ਲਈ ਸਿਰੜ ਸਲਾਹੁਣਯੋਗ ਹੈ ਅਤੇ ਉਨ੍ਹਾਂ ਦਾ ਵਿਛੋੜਾ ਸਿੱਖ ਕੌਮ ਲਈ ਅਤੇ ਮਨੁੱਖਤਾ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਵਰਲਡ ਸਿੱਖ ਪਾਰਲੀਮੈਂਟ ਬਾਪੂ ਸੂਰਤ ਸਿੰਘ ਦੇ ਅਕਾਲ ਚਲਾਣੇ ਤੇ ਉਨ੍ਹਾਂ ਦੇ ਪਰਿਵਾਰ ਨਾਲ ਦਿਲੋਂ ਸੰਵੇਦਨਾ ਪ੍ਰਗਟ ਕਰਦੀ ਹੈ ਅਤੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਅਰਦਾਸ ਕਰਦੀ ਹੈ ਕਿ ਬਾਪੂ ਜੀ ਦੀ ਸੇਵਾ ਥਾਂਇ ਪਾਉਣ ਅਤੇ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ।

ਵਰਲਡ ਸਿੱਖ ਪਾਰਲੀਮੈਂਟ ਦੀ ਸਿੱਖ ਕੌਮ ਨੂੰ ਅਪੀਲ ਹੈ ਕਿ ਬਾਪੂ ਸੂਰਤ ਸਿੰਘ ਵੱਲੋਂ ਬੰਦੀ ਸਿੰਘਾਂ ਦੇ ਜਿਸ ਮੁੱਦੇ ਨੂੰ ਲੈ ਕੇ ਆਪਣੇ ਆਖਰੀ ਸਮੇਂ ਤੱਕ ਸੰਘਰਸ਼ ਕੀਤਾ ਸੀ ਉਹ ਅੱਜ ਵੀ ਜਿਉਂ ਦਾ ਤਿਉਂ ਹੈ। ਭਾਰਤ ਸਰਕਾਰ ਵੱਲੋਂ ਸਿੱਖਾਂ ਨਾਲ ਬੇਇਨਸਾਫੀ ਤੇ ਬੰਦੀ ਸਿੰਘਾਂ ਦੀਆਂ ਸਜ਼ਾਵਾਂ ਪੂਰੀਆਂ ਕਰਨ ਤੋਂ ਬਾਅਦ ਵੀ ਜੇਲ੍ਹ ਵਿੱਚ ਰੱਖਿਆ ਹੋਇਆ ਹੈ । ਆਓ ਬਾਪੂ ਸੂਰਤ ਸਿੰਘ ਵੱਲੋਂ ਅਰੰਭੇ ਕਾਰਜ ਤੇ ਬੰਦੀ ਸਿੰਘਾਂ ਨੂੰ ਇਨਸਾਫ ਦਿਵਾਉਣ ਲਈ ਚੱਲ ਰਹੇ ਸੰਘਰਸ਼ ਵਿੱਚ ਇੱਕਜੁੱਟ ਹੋ ਕੇ ਕੁੱਦੀਏ । ਇਹ ਹੀ ਬਾਪੂ ਸੂਰਤ ਸਿੰਘ ਦੀ ਕੁਰਬਾਨੀ ਦਾ ਸਨਮਾਨ ਹੋਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਚਾਈਨਾ ਡੋਰ ਵੇਚਣ ਵਾਲਿਆਂ ਨੂੰ

# ਕਿਸੇ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ : ਐਸ. ਐਚ. ਓ. ਤੂਰ



ਧੂਰੀ ( ਰਣਜੀਤ ਸਿੰਘ ਪੇਧਨੀ ) ਪਤੰਗਬਾਜ਼ੀ ਲਈ ਬਜਾਰਾ ਵਿੱਚ ਗੈਰ ਕਾਨੂੰਨੀ ਢੰਗ ਨਾਲ ਵਿਕਣ ਵਾਲੀ ਚਾਇਨਾ ਡੋਰ ਦੀ ਵਿਕਰੀ ਕਰਨ ਅਤੇ ਖਰੀਦਣ ਵਾਲਿਆ ਖਿਲਾਫ ਸਖਤ ਕਾਨੂੰਨੀ ਕਾਰਵਾਈ ਹੋਵੇਗੀ। ਚਾਇਨਾ ਡੋਰ ਦਾ ਗੋਰਖ ਧੰਦਾ ਕਰਨ ਵਾਲਿਆ ਨੂੰ ਤਾੜਨਾ ਕਰਦਿਆ ਸ ਜਸਵੀਰ ਸਿੰਘ ਤੂਰ ਐਸ,ਐਚ,ਓ ਸਿਟੀ ਧੂਰੀ ਨੇ ਆਖਿਆ ਕਿ ਮਨੁੱਖੀ ਜਾਨਾਂ ਅਤੇ ਪਸ਼ੂ ਪੰਛੀਆ ਲਈ ਘਾਤਕ ਸਿੱਧ ਹੋ ਰਹੀ ਚਾਇਨਾ ਡੋਰ ਨਾਲ ਕਈ ਕੀਮਤੀ ਜਾਨਾਂ ਅਜਾਈ ਜਾ ਚੁੱਕੀਆਂ ਹਨ। ਉਹਨਾਂ ਚਾਇਨਾ ਡੋਰ ਦੀ ਵਿਕਰੀ ਕਰਨ ਵਾਲਿਆ ਨੂੰ ਆਖਿਆ ਕਿ ਉਹ ਆਪਣੀਆ ਹਰਕਤਾਂ ਤੋਂ ਬਾਜ ਆਉਣ ਨਹੀ ਤਾਂ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਬੱਚਿਆ ਦੇ ਮਾਪਿਆ ਨੂੰ ਅਪੀਲ ਕਰਦਿਆ ਆਖਿਆ ਕਿ ਉਹ ਆਪਣੇ ਬੱਚਿਆ ਨੂੰ ਚਾਇਨਾ ਡੋਰ ਦੀ ਵਰਤੋਂ ਤੋਂ ਸਖਤੀ ਨਾਲ ਰੋਕਣ। ਉਹਨਾਂ ਕਿਹਾ ਕਿ ਜੇਕਰ ਕੋਈ ਦੁਕਾਨਦਾਰ ਚਾਇਨਾ ਡੋਰ ਦੀ ਵਿਕਰੀ ਕਰਦਾ ਪਾਇਆ ਗਿਆ ਤਾਂ ਕਿਸੇ ਕੀਮਤ 'ਤੇ ਬਖਸਿਆ ਨਹੀਂ ਜਾਵੇਗਾ। ਉੱਥੇ ਹੀ ਚਾਇਨਾ ਡੋਰ ਦੀ ਹੋਮ ਡਿਲਵਰੀ ਤੇ ਆਨਲਾਈਨ ਵਿਕਰੀ ਕਰਨ ਵਾਲਿਆ ਤੇ ਵੀ ਪ੍ਰਸ਼ਾਸਨ ਦੀਆ ਬਾਜ ਅੱਖ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਸੰਤ ਬਾਬਾ ਮੱਖਣ ਸਿੰਘ ਜੀ ਦੀ ਯਾਦ 'ਚ ਲੋੜਵੰਦ ਧੀਆਂ ਦੇ ਅਨੰਦ ਕਾਰਜ ਕਰਵਾਏ ਜਾਣਗੇ : ਸੰਤ ਬਾਬਾ ਅਮਨਦੀਪ ਸਿੰਘ

**ਚੌਕ ਮਹਿਤਾ, 17 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸ਼ਹੀਦ ਭਾਈ ਮਨੀ ਸਿੰਘ ਟਕਸਾਲ ਦੇ 11ਵੇਂ ਮੁਖੀ ਸੱਚਖੰਡ ਵਾਸੀ ਸੰਤ ਬਾਬਾ ਮੱਖਣ ਸਿੰਘ ਜੀ ਦੀ ਸਾਲਾਨਾ ਬਰਸੀ 'ਤੇ ਲੋੜਵੰਦ ਪਰਿਵਾਰਾਂ ਦੀਆਂ ਧੀਆ ਦੇ ਅਨੰਦ ਕਾਰਜ ਕਰਵਾਏ ਜਾਣਗੇ।



ਇਹ ਵਿਚਾਰ ਸ਼ਹੀਦ ਭਾਈ ਮਨੀ ਸਿੰਘ ਟਕਸਾਲ ਦੇ 12ਵੇਂ ਮੁਖੀ ਸੰਤ ਬਾਬਾ ਅਮਨਦੀਪ ਸਿੰਘ ਨੇ ਡੇਰਾ ਸੰਤ ਅਮੀਰ ਸਿੰਘ ਗਲੀ ਸੱਤੋ ਵਾਲੀ ਕਟੜਾ ਕਰਮ ਸਿੰਘ ਵਿਖੇ ਗੱਲਬਾਤ ਕਰਦਿਆਂ ਪ੍ਰਗਟਾਏ। ਉਨ੍ਹਾਂ ਕਿਹਾ ਕਿ ਸੰਤ ਬਾਬਾ ਮੱਖਣ ਸਿੰਘ ਜੀ ਵੱਲੋਂ ਆਪਣੇ ਜੀਵਨ ਕਾਲ ਦੌਰਾਨ 13 ਹਜ਼ਾਰ ਤੋਂ ਵੀ ਵੱਧ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਅਨੰਦ ਕਾਰਜ ਕਰਵਾਏ ਗਏ ਹਨ ਜਿਨ੍ਹਾਂ ਦੀ ਆਰੰਭੀ ਸੇਵਾ ਨੂੰ ਅੱਗੇ ਵੀ ਜਾਰੀ ਰੱਖਿਆ ਜਾਵੇਗਾ। ਸੰਤ ਬਾਬਾ ਅਮਨਦੀਪ ਸਿੰਘ ਨੇ ਕਿਹਾ ਕਿ 3 ਫਰਵਰੀ ਨੂੰ ਹੋ ਰਹੇ ਸਮਾਗਮ 'ਚ ਜਿਹੜੇ ਵੀ ਪਰਿਵਾਰ ਆਪਣੀਆਂ ਧੀਆਂ ਦੇ ਅਨੰਦ ਕਾਰਜ ਕਰਵਾਉਣਾ ਚਾਹੁੰਦੇ ਹੋਣ ਉਹ ਡੇਰਾ ਸੰਤ ਅਮੀਰ ਸਿੰਘ ਗਲੀ ਸੱਤੋਂ ਵਾਲੀ ਕਟੜਾ ਕਰਮ ਸਿੰਘ ਵਿਖੇ ਆ ਕੇ ਆਪਣਾ ਨਾਮ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਨਵ ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦੇ ਤੌਰ 'ਤੇ ਸਾਰਾ ਘਰੇਲੂ ਸਾਮਾਨ ਵੀ ਦਿੱਤਾ ਜਾਵੇਗਾ ਜਿਸ ਦੀਆਂ ਤਿਆਰੀ ਹੁਣ ਤੋਂ ਹੀ ਆਰੰਭ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਸਿੱਖ ਪਰਿਵਾਰਾਂ ਦੇ ਬੱਚਿਆਂ ਨੂੰ ਗੁਰੂ ਲੜ ਲਗਾਉਣ ਦੇ ਮੰਤਵ ਨਾਲ ਡੇਰੇ 'ਚ ਗੁਰਬਾਣੀ ਸੰਥਿਆਂ ਤੇ ਕੀਰਤਨ ਦੀ ਵੀ ਸਿਖਲਾਈ ਦਿੱਤੀ ਜਾਂਦੀ ਹੈ ਤੇ ਬੱਚਿਆਂ ਦੇ ਰਹਿਣ ਦਾ ਸਾਰਾ ਪ੍ਰਬੰਧ ਵੀ ਬਿੱਲਕੁਲ ਫ੍ਰੀ ਹੈ। ਸੰਤ ਬਾਬਾ ਅਮਨਦੀਪ ਸਿੰਘ ਨੇ ਕਿਹਾ ਕਿ ਸੰਤ ਬਾਬਾ ਮੱਖਣ ਸਿੰਘ ਜੀ ਦੇ ਅਰੰਭੇ ਸੇਵਾ ਦੇ ਕਾਰਜਾਂ ਸੰਗਤਾਂ ਦੇ ਸਹਿਯੋਗ ਸਦਕਾ ਅੱਗੇ ਵੀ ਨਿਰੰਤਰ ਜਾਰੀ ਰੱਖੇ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਅਸਥਾਨ ਗੁਰਦੁਆਰਾ ਧੰਨ ਧੰਨ ਬਾਬੇ ਸਿੰਘ ਸਹੀਦ ਪਿੰਡ ਅਬਦੁੱਲਾਪੁਰ ਚੁਹਾਣੇ ਕਲਾਂ ਗੁਰਮਤਿ ਸਮਾਗਮ 1 ਫਰਵਰੀ ਤੋਂ ਸੁਰੂ: ਬਾਬਾ ਕੁਲਵਿੰਦਰ ਸਿੰਘ



**ਮਾਲੇਰਕੋਟਲਾ ( ਰਣਜੀਤ ਸਿੰਘ ਪੇਧਨੀ )**-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਸਿੰਘਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਹੋਇਆਂ ਅਸਥਾਨ ਧੰਨ ਧੰਨ ਬਾਬੇ ਸਿੰਘ ਸਹੀਦ ਪਿੰਡ ਅਬਦੁੱਲਾਪੁਰ ਚੁਹਾਣੇ ਕਲਾਂ ਮਾਲੇਰਕੋਟਲਾ ਵਿਖੇ 1 ਫਰਵਰੀ ਤੋਂ ਲੈ ਕੇ 7 ਫਰਵਰੀ ਤੱਕ ਦੇਸ਼ ਵਿਦੇਸ਼ ਦੀਆਂ ਸੰਗਤਾਂ ਅਤੇ ਇਲਾਕੇ ਨਗਰ ਨਿਵਾਸੀਆਂ ਦੇ ਸਹਿਯੋਗ ਦੇ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ । ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਕੁਲਵਿੰਦਰ ਸਿੰਘ ਜੀ ਨੇ ਦੱਸਿਆ ਕਿ ਰੋਜ਼ਾਨਾ ਸਾਮ ਨੂੰ 6: 30 ਵਜੇ ਤੋਂ ਲੈ ਕੇ 10: 30 ਵਜੇ ਤੱਕ ਸੰਤ ਮਹਾਪੁਰਸ ਸੰਗਤਾਂ ਨੂੰ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਜੋੜਨਾ ਕਰਨਗੇ । ਉਨ੍ਹਾਂ ਕਿਹਾ ਕਿ 7 ਫਰਵਰੀ 2025 ਮਾਘ ਦੀ ਦਸਮੀ ਵਾਲੇ ਦਿਨ ਲੜੀਵਾਰ ਸ਼੍ਰੀ ਅਖੰਡ ਪਾਠ ਸਹਿਬ ਜੀ ਦੇ ਭੋਗ ਸਵੇਰੇ 8.00 ਵਜੇ ਪੈਣਗੇ । ਉਪਰੰਤ ਕੀਰਤਨ ਦਰਬਾਰ 1:30 ਵਜੇ ਤੱਕ ਸਜਣਗੇ ਅਤੇ ਅੰਮ੍ਰਿਤ ਸੰਚਾਰ ਹੋਵੇਗਾ ਜਿਸ ਵਿੱਚ ਜਿਸ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਜਿਲ੍ਹਾ ਬਠਿੰਡਾ) ਤੋਂ ਪੰਜ ਪਿਆਰੇ ਸਾਹਿਬਾਨਾਂ ਦਾ ਜੱਥਾ ਅੰਮ੍ਰਿਤ ਛੱਕਣ ਵਾਲੇ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਉਣ ਦੇ ਲਈ ਵਿਸ਼ੇਸ਼ ਤੌਰ ਤੇ ਪਹੁੰਚ ਰਿਹਾ ਹੈ। ਅੰਮ੍ਰਿਤ ਛੱਕਣ ਵਾਲੇ ਪ੍ਰਾਣੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਸਰਕਾਰ ਸਿੱਖਾਂ ਦੀ ਭਾਵਨਾਵਾਂ ਨੂੰ ਦੇਖਦੇ ਹੋਏ ਸੂਬੇ 'ਚ ਐਮਰਜੈਂਸੀ ਫ਼ਿਲਮ 'ਤੇ ਲਗਾਏ ਰੋਕ: ਰੰਧਾਵਾ ਕਾਤਰੋਂ



ਧੂਰੀ ( ਰਣਜੀਤ ਸਿੰਘ ਪੇਧਨੀ ) ਹਿਮਾਚਲ ਦੇ ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਦੀ ਰਿਲੀਜ਼ ਹੋਣ ਵਾਲੀ ਵਿਵਾਦਿਤ ਫ਼ਿਲਮ 'ਐਮਰਜੈਸੀ ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ, ਉੱਘੇ ਸਮਾਜ ਸੇਵੀ, ਸਾਬਕਾ ਪ੍ਰਧਾਨ ਟਰੱਕ ਯੂਨੀਅਨ ਸੇਰਪੁਰ ਰਣਜੀਤ ਸਿੰਘ ਰੰਧਾਵਾ ਕਾਤਰੋਂ ਨੇ ਮੁੱਖ ਮੰਤਰੀ ਭਗਵੰਤ ਨੂੰ ਅਪੀਲ ਕੀਤੀ ਹੈ ਕਿ ਉਹ ਐਮਰਜੈਂਸੀ ਫ਼ਿਲਮ 'ਤੇ ਪਾਬੰਦੀ ਲਗਾਉਣ ਤਾਂ ਜੋ ਸੂਬੇ ਦੀ ਸ਼ਾਂਤੀ ਨੂੰ ਭੰਗ ਹੋਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਕੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਅਤੇ ਕੇਂਦਰ ਸਰਕਾਰ ਕੋਲ ਕਈ ਸ਼ਿਕਾਇਤਾਂ ਦਰਜ ਕਰਵਾਈਆਂ ਜਾ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਅਜਿਹੀ ਵਿਵਾਦਤ ਫਿਲਮ ਰਾਹੀਂ ਸਿੱਖਾਂ ਦੇ ਅਕਸ ਨੂੰ ਖ਼ਰਾਬ ਕਰਨ ਲਈ ਕੰਗਨਾ ਰਣੌਤ ਦਾ ਸਮਰਥਨ ਕਰ ਰਹੀ ਹੈ। ਉਨ੍ਹਾਂ ਸਿੱਖਾਂ ਨੂੰ ਜਾਣਬੁੱਝ ਕੇ ਨਕਾਰਾਤਮਕ ਰੋਲ ਵਿੱਚ ਪੇਸ਼ ਕਰਨ ਵਾਲੀ ਇਸ ਵਿਵਾਦਿਤ ਫ਼ਿਲਮ ਨੂੰ ਦੇਖਣ ਤੋਂ ਗੁਰੇਜ਼ ਕਰਨ ਲਈ ਆਮ ਲੋਕਾਂ ਨੂੰ ਅਪੀਲ ਕੀਤੀ ਹੈ। ਉਨ੍ਹਾਂ ' ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਹਰ ਹਾਲਤ ਵਿੱਚ ਫ਼ਿਲਮ 'ਐਮਰਜੈਂਸੀ' 'ਤੇ ਪਾਬੰਦੀ ਲਗਾਉਣ ਦੀ ਜ਼ੋਰਦਾਰ ਅਪੀਲ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਿਆਸੀ ਬੇਈਮਾਨੀ ?



ਕਿਸੇ ਵੀ ਸਥਿਤੀ ਵਿੱਚ ਜ਼ਿੱਦ ਕਰਨੀ ਮਾੜੀ ਗੱਲ ਹੁੰਦੀ। ਘਰਾਂ ਵਿੱਚ ਜ਼ਿੱਦ ਕਰਕੇ ਕਈ ਵਾਰ ਪਰਿਵਾਰ ਉੱਜੜ ਜਾਂਦੇ , ਸਰੀਰ ਨਾਲ ਜ਼ਿੱਦ ਕਰਕੇ ਸਰੀਰ ਖਰਾਬ ਹੋ ਜਾਂਦੇ, ਸਮਾਜ ਨਾਲ ਜ਼ਿੱਦ ਕਰਕੇ ਸਮਾਜ ਤੋਂ ਵੱਖਰੇ ਪੈ ਜਾਂਦੇ, ਇਸੇ ਤਰਾਂ ਕਈ ਸਟੇਟ ਸਰਕਾਰਾਂ ਨੇ ਸੈਂਟਰ ਸਰਕਾਰਾਂ ਨਾਲ ਜ਼ਿੱਦ ਕਰਕੇ ਅਪਣੀ ਹੀ ਸਟੇਟ ਦੇ ਲੋਕਾਂ ਦਾ ਨੁਕਸਾਨ ਕਰ ਦਿੱਤਾ ਜਿਸ ਨੂੰ ਸਿਆਸੀ ਬੇਈਮਾਨੀ ਕਿਹਾ ਜਾਏਗਾ।

ਭਾਰਤ ਵਿਚ ਕਈ ਸਟੇਟਾਂ ਜੋ ਸੈਂਟਰ ਸਰਕਾਰਾਂ ਨਾਲ ਮਿਲ ਕੇ ਨਹੀਂ ਚੱਲਦੀਆਂ ਉਹ ਸਟੇਟ ਦੇ ਲੋਕਾਂ ਦਾ ਨਾ ਪੂਰਾ ਹੋਣ ਵਾਲਾ ਨੁਕਸਾਨ ਕਰ ਲੈਂਦੀਆਂ । ਪੰਜਾਬ ਦੀ ਆਪ ਸਰਕਾਰ ਲੱਗਦਾ ਸਭ ਤੋਂ ਜਿਆਦਾ ਨੁਕਸਾਨ ਕਰ ਰਹੀ ਕਿਉਂਕਿ ਦਿੱਲੀ ਮਾਡਲ ਪੰਜਾਬ ਨੂੰ ਕਿਸੇ ਹਾਲਤ ਵਿੱਚ ਵੀ ਫਿੱਟ ਨਹੀਂ।ਦਿੱਲੀ ਇੱਕ ਬਿਜਨਸ ਸਟੇਟ ਹੈ ਤੇ ਤਕਰੀਬਨ 1500 ਸੁਕੇਅਰ ਕਿਲੋਮੀਟਰ ਏਰੀਆ ਨਾਲੇ ਦਿੱਲੀ ਵਿੱਚ ਸੈਂਟਰ ਅਤੇ ਸਟੇਟ ਸਰਕਾਰਾਂ ਦੋਨਾਂ ਵਿੱਚ ਕਈ ਕੰਮ ਵੰਡੇ ਹੋਏ । ਦੂਸਰੇ ਪਾਸੇ ਪੰਜਾਬ ਤਕਰੀਬਨ 52000 ਸੁਕੇਅਰ ਕਿਲੋਮੀਟਰ ਏਰੀਆ ਅਤੇ ਖੇਤੀ ਅਧਾਰਤ ਸਟੇਟ ਹੈ ਜੋ ਕਿ ਅਨਿਸ਼ਿਚਤਾਵਾਂ ਵਾਲਾ ਧੰਦਾ ਹੈ ।

ਭਗਵੰਤ ਮਾਨ ਜੀ ਅਜੇ ਵੀ ਥੋੜੀ ਸੋਚ ਹੋਸ਼ ਬਦਲੀ ਕਰ ਲਵੋ ਤੇ ਪੰਜਾਬ ਮਾਡਲ ਤੇ ਕੰਮ ਕਰੋ ਨਾ ਕਿ ਦਿੱਲੀ ਮਾਡਲ ਤੇ ਜੋ ਕਿ ਬਿਜਨਸ ਲੋਕਾਂ ਦਾ ਮਾਡਲ ਹੈ ਨਾਲੇ ਦਿੱਲੀ ਤੋਂ ਲਿਆ ਕੇ ਬੈਠਾਏ ਗੈਰ ਕਨੂੰਨੀ ਬੰਦਿਆ ਨੂੰ ਪੰਜਾਬ ਪ੍ਰਬੰਧਕੀ / ਸਿਆਸੀ ਸਿਸਟਮ ਤੋਂ ਬਾਹਰ ਕਰੋ। ਕਦੀ ਸੁਣਿਆ ਜਾਂ ਦੇਖਿਆ ਹੈ ਕਿ ਕਿਸਾਨ ਅਪਣੀ ਫਸਲ ਦੇ ਇਸ਼ਿਤਹਾਰ ਦਿੰਦੇ, ਇਹ ਕੰਮ ਬਜ਼ਾਰੀ ਚੀਜ਼ਾਂ ਵੇਚਣ ਵਾਲੇ ਝੂਠ ਫਰੇਬ ਕਰਕੇ ਠੱਗੀ ਲਈ ਕਰਦੇ ਪਰ ਕਿਸਾਨਾਂ ਕੋਲ ਠੱਗੀ ਨਹੀਂ ਹੈ ਫਿਰ ਪੰਜਾਬ ਦੇ ਕਿਸਾਨਾਂ ਦੇ ਪੈਸੇ ਆਪ ਸਰਕਾਰ ਨਿੱਤ ਝੂਠੇ ਇਸ਼ਿਤਹਾਰਾਂ ਤੇ ਕਿਉਂ ਫਜ਼ੂਲ ਖ਼ਰਚ ਕਰ ਰਹੀ ? ਕਈ ਦੋਸਤ ਕਹਿੰਦੇ ਕਿਸਾਨ ਕਿਹੜਾ ਟੈਕਸ ਦਿੰਦੇ ਪਰ ਜੇਕਰ ਕਿਸਾਨ ਸਿੱਧਾ ਟੈਕਸ ਨਹੀਂ ਵੀ ਦਿੰਦੇ ਤਾਂ ਅਸਿੱਧੇ ਟੈਕਸ ਦੇ ਪੂਰੇ ਭਾਈਵਾਲ਼ ਹਨ । ਮੁੱਖ ਮੰਤਰੀ ਜੀ ਜਦੋਂ ਪੰਜਾਬ ਦੇ ਪਿੰਡਾਂ ਅਤੇ ਉੱਥੇ ਰਹਿਣ ਵਾਲਿਆਂ ਦੇ ਹਾਲਾਤ ਸੁਧਾਰ ਲਵੋਗੇ ਫਿਰ ਸ਼ੋਹਰਤਾਂ ਦੇ ਸੋਹਲੇ ਗਾ ਲੈਣਾ ।

ਪੰਜਾਬੀ ਵੀਰੋ ਭੈਣੋ ,

ਦਿੱਲੀ ਮਾਡਲ ਅਤੇ ਦਿੱਲੀ ਵਾਲੇ ਠੱਗ ਅੱਜ ਪੰਜਾਬ ਨੂੰ ਕੰਗਾਲ ਬਣਾਉਣ ਵਿੱਚ ਲੱਗੇ ਹੋਏ ।ਜੇਕਰ ਇਸ ਨੂੰ ਸਮਝਣ ਵਿੱਚ ਹੋਰ ਦੇਰ ਕੀਤੀ ਤਾਂ ਅਸੀਂ ਅਪਣੀ ਵਿਰਾਸਤ ਦੇ ਨਾਲ ਨਾਲ ਅਪਣਾ, ਨਾ ਪੂਰਾ ਹੋਣਾ ਵਾਲਾ ਵਿੱਤੀ ਨੁਕਸਾਨ ਵੀ ਕਰ ਬੈਠਾਂਗੇ ਬਲਕਿ ਬਹੁਤ ਹੱਦ ਤੱਕ ਕਰ ਚੁੱਕੇ । ਇਸ ਲਈ ਆਪ ਸਰਕਾਰ ਅਤੇ ਦਿੱਲੀ ਵਾਲਿਆਂ ਦਾ ਘਰਾਂ ਵਿੱਚ ਉਨੀ ਦੇਰ ਵੜਣਾ ਬੰਦ ਕਰੋ ਜਿੰਨੀ ਦੇਰ ਇਹ ਪੰਜਾਬ ਵਾਸਤੇ ਸੁਹਿਰਦ ਨਹੀਂ ਹੁੰਦੇ।

ਸੈਂਟਰ ਸਰਕਾਰ ਵਲੋਂ ਵੱਡੀਆਂ ਸਿਹਤ ਸੇਵਾਵਾਂ ਜਿਹਨਾਂ ਨੂੰ ਪਿਛਲੀਆਂ ਸਰਕਾਰਾਂ ਅਤੇ ਹੁਣ ਵਾਲੀ ਸਰਕਾਰ ਨੇ ਸਿਆਸੀ ਬੇਈਮਾਨੀ ਕਰਕੇ ਅੜਿੱਕੇ ਡਾਹੇ ਉਹ ਕੁਝ ਹੇਠ ਲਿਖੇ ਹਨ————

?? 2015 ਵਿੱਚ ਭਾਰਤ ਸਰਕਾਰ ਵੱਲੋਂ ਔਰਤਾਂ ਦੀ ਸਹੂਲਤ ਲਈ ਸ਼ੁਰੂ ਹੋਏ ਵੰਨ ਸਟੌਪ ਸੈਂਟਰ ਅੱਜ ਤੱਕ ਪੂਰੇ ਨਹੀਂ ਹੋਏ ਜਿਸ ਵਿੱਚ ਔਰਤਾਂ ਨੂੰ ਮੈਡੀਕਲ ,ਕਨੂੰਨੀ , ਪੁਲਿਸ ਸਹਾਇਤਾ ਦੀ ਸਹੂਲਤ ਦਿੱਤੀ ਜਾਣੀ ਹੈ ।

?? 2017-18 ਵਿੱਚ ਭਾਰਤ ਸਰਕਾਰ ਵੱਲੋਂ ਚਲਾਏ ਸਿਹਤ ਅਤੇ ਤੰਦਰੁਸਤੀ ਸੈਂਟਰ ਕੁੱਜੇ ਵਿੱਚ ਬੰਦ ਕੀਤੇ ਹੋਏ ਜੋ ਪੰਜਾਬ ਵਿੱਚ 4200 ਦੇ ਕਰੀਬ ਹਨ ਜਿਸ ਵਿੱਚ ਸ਼ੂਗਰ ,ਹਾਈ ਬਲੱਡ ਪ੍ਰੈਸ਼ਰ , ਕੈਂਸਰ, ਮਾਨਸਿਕ ਰੋਗ ਆਦਿ ਆਦਿ ਲਈ 35 ਸਾਲ ਤੋਂ ਉੱਪਰ ਹਰੇਕ ਨਾਗਰਿਕ ਲਈ ਜਾਗਰੂਕਤਾ, ਟੈਸਟ ਅਤੇ ਇਲਾਜ ਦੇਣ ਦੀਆਂ ਕੁਝ ਸਹੂਲਤਾਂ ਹਨ ।

?? 2018- 19 ਵਿੱਚ ਆਯੂਸ਼ਮਾਨ ਭਾਰਤ ਸਿਹਤ ਬੀਮਾ ਯੋਜਨਾ ਜਿਸ ਵਿੱਚ ਸੈਂਟਰ ਵਲੋਂ ਤਕਰੀਬਨ ਤੇਰਾਂ ਲੱਖ ਗਰੀਬ ਪਰਿਵਾਰਾਂ ਲਈ ਪੰਜ ਲੱਖ ਤੱਕ ਦੇ ਮੁਫਤ ਬੀਮਾ ਸਹੂਲਤ ਨੂੰ ਨਿੱਤ ਭੰਬਲਭੂਸੇ ਪਾਈ ਰੱਖਦੇ।

?? 2019-20 ਤੋਂ ਸੈਂਟਰ ਵਲੋਂ ਜ਼ਿਲ੍ਹੇ ਲੈਵਲ ਤੇ ਮੈਡੀਕਲ ਕਾਲਜ ਬਣਾਉਣ ਦੀ ਯੋਜਨਾ ਜਿਸ ਤਹਿਤ ਹਰੇਕ ਜ਼ਿਲ੍ਹੇ ਵਿੱਚ ਮੈਡੀਕਲ ਕਾਲਜ ਸਮੇਤ 500 ਬੈਡ ਹਸਪਤਾਲ ਬਣਾਏਣੇ ਜਿਸ ਵਿੱਚ ਪੰਜਾਬ ਸਾਰੇ ਭਾਰਤ ਵਿੱਚੋਂ ਫਾਡੀ ਹੈ ਤੇ ਅਜੇ ਮੁਹਾਲੀ ਮੈਡੀਕਲ ਕਾਲਜ ਦੀ ਥਾਂ ਵੀ ਪੱਕੀ ਨਹੀਂ ਕਰ ਪਾਏ ਜਦੋਂ ਕਿ ਪਿਛਲੀ ਸਰਕਾਰ ਦੇ ਮੁਹਾਲੀ ਦੇ ਸਾਬਕਾ ਐਮ ਐਲ ਏ ਤੇ ਸਿਹਤ ਮੰਤਰੀ ਇੱਕ ਕੰਧ ਦਾ ਉਦਘਾਟਨ ਕਰਕੇ ਅਪਣੀ ਬਹੁਤ ਵੱਡੀ ਪ੍ਰਾਪਤੀ ਦੱਸਦੇ ਰਹੇ ਤੇ ਨਵੇਂ ਵਾਲਿਆਂ ਨੇ ਉਥੇ ਕਾਲਜ ਹੀ ਨਹੀਂ ਬਣਾਉਣ ਦਾ ਫ਼ੈਸਲਾ ਲੈ ਲਿਆ।

?? 2015-16 ਤੋਂ ਜਨ ਔਸ਼ਧੀ ਸਸਤੀਆਂ ਦਵਾਈਆਂ ਵਾਲੀਆਂ ਦੁਕਾਨਾਂ ਜਿਹੜੀਆਂ ਬਹੁਤ ਘੱਟ ਹਨ ਜਾਂ ਪੂਰੀਆਂ ਨਹੀਂ ਚਲਾਈਆਂ ਜਾ ਰਹੀਆਂ।

ਇਹਨਾਂ ਸਾਰੀਆਂ ਸਕੀਮਾਂ ਤੇ ਆਪ ਸਰਕਾਰ ਤਕਰੀਬਨ ਬਿਲਕੁਲ ਚੁੱਪੀ ਧਾਰੀ ਬੈਠੀ ਤੇ ਗੈਰ ਜ਼ਰੂਰੀ ਆਮ ਆਦਮੀ ਕਲੀਨਿਕ ਬਣਾ ਕੇ ਉਪਰੋਕਤ ਸਕੀਮਾਂ ਦੇ ਪੈਸੇ ਵਰਤ ਕੇ ਹੁਣ ਪੰਜਾਬ ਲਈ ਸੈਂਟਰ ਸਰਕਾਰ ਦੀਆਂ ਬਹੁਤੀਆਂ ਸਿਹਤ ਗ੍ਰਾਂਟਾਂ ਬੰਦ ਕਰਵਾਈ ਬੈਠੀ ਪਰ ਅਪਣੀ ਸਿਆਸੀ ਜ਼ਿੱਦ ਛੱਡਣ ਨੂੰ ਤਿਆਰ ਨਹੀਂ । ਇਹ ਸਿਆਸੀ ਬੇਈਮਾਨੀ ਹੈ ਕਿ ਪੰਜਾਬ ਤੇ ਸੈਂਟਰ ਦੀ ਤਾਲਮੇਲ ਦੀ ਕਮੀ ਕਰਕੇ ਸੈਂਟਰ ਵਲੋਂ ਚਲਾਈਆਂ ਲੋਕ ਭਲਾਈ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਣ ਲਈ ਪੰਜਾਬ ਸਰਕਾਰ ਜਾਣਬੁੱਝ ਕੇ ਅੜਿੱਕੇ ਡਾਹ ਰਹੀ ਤੇ ਸੈਂਟਰ ਤੋਂ ਆਏ ਪੈਸੇ ਦੀ ਦੁਰਵਰਤੋਂ ਕਰ ਰਹੀ। ਇਹ ਸਭ ਕੁਝ ਸਿਹਤ ਮਹਿਕਮੇ ਵਿੱਚ ਹੀ ਨਹੀਂ ਸਗੋਂ ਹੋਰ ਕਈ ਮਹਿਕਮਿਆਂ ਵਿੱਚ ਵੀ ਹੋ ਰਿਹਾ। ਨਤੀਜਾ ਤੁਹਾਡੇ ਸਾਹਮਣੇ ਕਿ ਸੜਕਾਂ ਟੁੱਟੀਆਂ ਪਈਆਂ, ਸਕੂਲਾਂ ਦੇ ਵਿੱਚ ਮਾਸਟਰ ਨਹੀਂ, ਕਿਸਾਨ ਮਜ਼ਦੂਰ ਸੜਕਾਂ ਤੇ ਬੈਠੇ ।

**-ਡਾ ਦਲੇਰ ਸਿੰਘ ਮੁਲਤਾਨੀ ਸਿਵਲ ਸਰਜਨ ( ਰਿਟਾ)**
**9814127296, 7717319896**

### ਵਿਵਾਦਤ ਫ਼ਿਲਮ 'ਐੈਮਰਜੈਂਸੀ' ਨੂੰ ਸਿੱਖ ਕੌਮ ਦੇ ਵਿਰੋਧ ਦੇ ਬਾਵਜੂਦ

# ਕੇਂਦਰ ਵੱਲੋਂ ਜਾਰੀ ਕਰਵਾਣਾ ਸਿੱਖ ਭਾਵਨਾਵਾਂ ਨਾਲ ਵੱਡਾ ਖਿਲਵਾੜ: ਸਰਨਾ




ਨਵੀਂ ਦਿੱਲੀ 17 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਭਾਰਤੀ ਜਨਤਾ ਪਾਰਟੀ ਦੀ ਮੈਂਬਰ ਪਾਰਲੀਮੈਂਟ ਕੰਗਨਾ ਰਣੌਤ ਦੀ ਵਿਵਾਦਤ ਫ਼ਿਲਮ 'ਐੈਮਰਜੈਂਸੀ' ਨੂੰ ਸਿੱਖ ਕੌਮ ਦੇ ਵਿਰੋਧ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਜਾਰੀ ਹੋਣ ਦੇਣਾ ਇਹ ਸਾਬਤ ਕਰਦਾ ਹੈ ਕਿ ਭਾਜਪਾ ਨੇ ਸਿੱਖਾਂ ਦੀ ਹਰ ਭਾਵਨਾ ਤੇ ਹਰ ਮੰਗ ਨੂੰ ਦਰਕਿਨਾਰ ਕਰਨ ਦਾ ਪੱਕਾ ਮਨ ਬਣਾ ਲਿਆ ਹੈ । ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਇਸੇ ਕਾਰਨ ਉਹ ਹਰ ਉਹ ਫੈਸਲਾ ਕਰ ਰਹੀ ਹੈ ਜਿਸ ਨਾਲ ਸਿੱਖਾਂ ਦੇ ਹਿਰਦਿਆਂ ਨੂੰ ਠੇਸ ਪਹੁੰਚਦੀ ਹੋਵੇ । ਇਹ ਇੱਕ ਅਜਿਹੀ ਕੌਮ ਜਿਸਨੇ ਨਾ ਸਿਰਫ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਗੋਂ ਦੇਸ਼ ਨੂੰ ਪੈਰਾਂ ਸਿਰ ਕਰਨ ਲਈ ਵੀ ਆਪਣਾ ਸਭ ਤੋਂ ਵੱਡਾ ਯੋਗਦਾਨ ਦਿੱਤਾ । ਉਸ ਨਾਲ ਕੋਝਾ ਮਜ਼ਾਕ ਹੈ ਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਅਜਿਹਾ ਕਰਨ ਤੇ ਅਜਿਹਾ ਕਰਨ ਵਾਲਿਆਂ ਦੀ ਪੁਸ਼ਤਪਨਾਹੀ ਕਰਨ ਤੋਂ ਬਾਜ ਆਉਣਾ ਚਾਹੀਦਾ ਹੈ । ਇਸਦੇ ਨਾਲ ਹੀ ਨਾ ਕੇਂਦਰ ਸਰਕਾਰ ਨੇ ਨਾ ਹੀ ਕਿਸੇ ਸਟੇਟ ਸਰਕਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੀ ਅਕਾਲ ਤਖਤ ਸਾਹਿਬ ਤੋਂ ਫਿਲਮ ਦੀ ਪ੍ਰਵਾਨਗੀ ਜਾਂ ਉਹਨਾਂ ਵੱਲੋਂ ਪ੍ਰਗਟਾਏ ਜਾ ਰਹੇ ਸ਼ੰਕਿਆਂ ਦੀ ਨਿਵਿਰਤੀ ਨਹੀਂ ਕੀਤੀ। ਇਹ ਸਰਕਾਰ ਦਾ ਸਿੱਧਾ ਹੰਕਾਰ ਹੈ ਤੇ ਸਿੱਖ ਕੌਮ ਇਸ ਤਰ੍ਹਾਂ ਦਾ ਹੰਕਾਰ ਕਦੀ ਬਰਦਾਸ਼ਤ ਨਹੀਂ ਕਰਦੀ।

ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਇਸ ਫਿਲਮ ਦਾ ਪੰਜਾਬ ਵਿੱਚ ਜਿੱਥੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਪੰਜਾਬ ਸਿੱਖਾਂ ਦਾ ਘਰ ਹੈ ਤੇ ਆਪ ਵੱਲੋਂ ਸਿੱਖਾਂ ਦੇ ਘਰ ਅੰਦਰ ਸਿੱਖ ਵਿਰੋਧੀ ਫਿਲਮ ਰੀਲੀਜ਼ ਹੋਣ ਦੇਣਾ ਇਹ ਸਾਬਤ ਕਰਦਾ ਹੈ ਕਿ ਭਗਵੰਤ ਮਾਨ ਦੀ ਅਗਵਾਈ ਵਿੱਚ ਚੱਲ ਰਹੀ ਆਪ ਸਰਕਾਰ ਭਾਜਪਾ ਦਾ ਏਜੰਡਾ ਲਾਗੂ ਕਰਨ ਵਾਲੀ ਬੀ ਟੀਮ ਹੀ ਹੈ । ਇਸਤੋਂ ਇਲਾਵਾ ਜੇਕਰ ਕਾਂਗਰਸ ਪਾਰਟੀ ਦੇ ਸ਼ਾਸਤ ਸੂਬਿਆਂ ਵਿੱਚ ਇਹ ਸਿੱਖ ਵਿਰੋਧੀ ਫਿਲਮ ਰੀਲੀਜ਼ ਹੁੰਦੀ ਹੈ ਤਾਂ ਅਸੀ ਸਮਝਾਂਗੇ ਕਿ ਇਸਦੇ ਆਗੂ ਆਲਮੀ ਮੰਚਾਂ ਵਿੱਚ ਸਿੱਖਾਂ ਨਾਲ ਦੇਸ਼ ਅੰਦਰ ਹੋ ਰਹੇ ਧੱਕੇ ਦੀ ਗੱਲ ਕਰਕੇ ਸਿਰਫ ਵਾਹ - ਵਾਹ ਹੀ ਵਟੋਰਨਾ ਚਾਹੁੰਦੇ ਹਨ । ਪਰ ਅਸਲ ਵਿੱਚ ਉਹ ਵੀ ਸਿੱਖਾਂ ਨੂੰ ਇਨਸਾਫ ਦੇਣ ਜਾਂ ਉਹਨਾਂ ਦੀਆਂ ਹੱਕੀ ਮੰਗਾਂ ਵੱਲ ਧਿਆਨ ਦੇਣਾ ਜ਼ਰੂਰੀ ਨਹੀ ਸਮਝਦੇ ।

# ਪੱਤਰਕਾਰ ਔਲਖ ਨੂੰ ਸਦਮਾ, ਨਾਨੇ ਸਹੁਰੇ ਦਾ ਦਿਹਾਂਤ



ਚੌਕ ਮਹਿਤਾ 17 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ) ਰਾਮ ਤੀਰਥ ਤੋਂ ਰੋਜ਼ਾਨਾ ਅਜੀਤ ਦੇ ਪ੍ਰਤੀਨਿਧ ਧਰਵਿੰਦਰ ਸਿੰਘ ਔਲਖ ਨੂੰ ਉਸ ਸਮੇਂ ਸਦਮਾ ਪਹੁੰਚਿਆ, ਜਦੋਂ ਬੀਤੀ ਸ਼ਾਮ ਕਰੀਬ 9 ਵਜੇ ਅਚਾਨਕ ਉਨ੍ਹਾਂ ਦੇ ਮਾਮਾ ਸਹੁਰਾ ਸ੍ਰ.ਖਜਾਨ ਸਿੰਘ ਭਕਨਾ ( 50) ਪੁੱਤਰ ਸ੍ਰ. ਰਘਬੀਰ ਸਿੰਘ ਦਾ ਦਿਲ ਦੇ ਦੌਰੇ ਨਾਲ ਦਿਹਾਂਤ ਹੋ ਗਿਆ। ਉਹ ਅੰਮ੍ਰਿਤਸਰ ਵਿਖੇ ਟਰੈਫਿਕ ਪੁਲਿਸ ਵਿੱਚ ਬਤੌਰ ਹੈੱਡ ਕਾਂਸਟੇਬਲ ਡਿਊਟੀ ਨਿਭਾ ਰਹੇ ਸਨ ਅਤੇ ਡਿਊਟੀ ਤੋਂ ਸ਼ਾਮ ਕਰੀਬ 8 ਕੁ ਵਜੇ ਘਰ ਆਏ ਤਾਂ ਕੁਝ ਮਿੰਟਾਂ ਬਾਅਦ ਹੀ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ, ਜੋ ਉਨ੍ਹਾਂ ਲਈ ਜਾਨ ਲੇਵਾ ਸਾਬਤ ਹੋਇਆ। ਉਹ ਆਪਣੇ ਪਿੱਛੇ ਪਤਨੀ, ਇੱਕ ਪੁੱਤਰ, ਇੱਕ ਧੀ ਅਤੇ ਬਜ਼ੁਰਗ ਮਾਤਾ - ਪਿਤਾ ਛੱਡ ਗਏ ਹਨ। ਪੋਸਟ ਮਾਰਟਮ ਕਰਨ ਤੋਂ ਬਾਅਦ ਉਨ੍ਹਾਂ ਦਾ ਅੰਤਿਮ ਸਸਕਾਰ ਪਿੰਡ ਭਕਨਾ ਕਲਾਂ ਦੇ ਸ਼ਮਸ਼ਾਨ ਘਾਟ ਵਿੱਚ ਕਰ ਦਿੱਤਾ ਗਿਆ, ਇਸਤੋਂ ਪਹਿਲਾਂ ਪੁਲਿਸ ਜਵਾਨਾਂ ਵੱਲੋਂ ਮ੍ਰਿਤਕ ਖਜਾਨ ਸਿੰਘ ਨੂੰ ਸਲਾਮੀ ਦਿੱਤੀ ਗਈ। ਜ਼ਿਕਰਯੋਗ ਹੈ ਕਿ ਉਹ ਆਪਣੇ ਨੌਂ ਭੈਣ ਭਰਾਵਾਂ ਵਿੱਚੋਂ ਸਭ ਨਾਲੋਂ ਛੋਟੇ ਸਨ।

# ਐੈਮਰਜੈਂਸੀ ਫ਼ਿਲਮ ਪੰਜਾਬ ਅੰਦਰ ਨਹੀਂ ਚੱਲਣ ਦਿੱਤੀ ਜਾਵੇਗੀ-ਕਾਲਾਬੂਲਾ / ਪੇਧਨੀ



ਸੇਰਪੁਰ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਵਿੱਚ ਰਿਲੀਜ਼ ਹੋਣ ਜਾ ਰਹੀ ਕੰਗਣਾ ਰਨੌਤ ਦੀ ਫਿਲਮ ਐਮਰਜੰਸੀ ਦਾ ਵਿਰੋਧ ਇਕ ਵਾਰ ਫਿਰ ਤੋਂ ਸ਼ੁਰੂ ਹੋ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਜਾਂਦੀ ਹੈ ਕਿ ਫਿਲਮ ਐਮਰਜੰਸੀ ਦੇ ਉੱਪਰ ਪੂਰੀ ਤਰੀਕੇ ਪੰਜਾਬ ਦੇ ਵਿੱਚ ਰੋਕ ਲਗਾਈ ਜਾਵੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਿਲ੍ਹਾ ਮੀਤ ਪ੍ਰਧਾਨ ਨਰਿੰਦਰ ਸਿੰਘ ਕਾਲਾਬੂਲਾ ਅਤੇ ਸੀਨੀਅਰ ਆਗੂ ਸਾਧੂ ਸਿੰਘ ਪੇਧਨੀ ਨੇ ਕੀਤਾ। ਉਨ੍ਹਾਂ ਕਿਹਾ ਕਿ ਐੈਮਰਜੈਂਸੀ ਫ਼ਿਲਮ ਪੰਜਾਬ ਅੰਦਰ ਨਹੀਂ ਚੱਲਣ ਦਿੱਤੀ ਜਾਵੇਗੀ, ਕਿਉਂਕਿ ਇਹ ਸਿੱਖਾਂ ਨੂੰ ਬਦਨਾਮ ਕਰਨ ਦੇ ਮੰਤਵ ਨਾਲ ਨੀਤੀਗਤ ਢੰਗ ਨਾਲ ਬਣਾਈ ਗਈ ਹੈ। ਪਹਿਲਾਂ ਵੀ ਬਹੁਤ ਸਾਰੀਆਂ ਪੰਥਕ ਜਥੇਬੰਦੀਆਂ ਵੱਲੋਂ ਸੂਬਾ ਸਰਕਾਰ ਪਾਸੋਂ ਪੰਜਾਬ ਅੰਦਰ ਇਸ ਫ਼ਿਲਮ ਦੀ ਰਿਲੀਜ਼ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਗਈ ਸੀ, ਪਰੰਤੂ ਦੁੱਖ ਦੀ ਗੱਲ ਹੈ ਕਿ ਤੁਹਾਡੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹੁਣ ਤੀਕ ਕੋਈ ਕਦਮ ਨਹੀਂ ਉਠਾਇਆ। ਜੇਕਰ ਇਹ ਫਿਲਮ ਰਲੀਜ਼ ਹੁੰਦੀ ਹੈ, ਤਾਂ ਇਸ ਨਾਲ ਸਿੱਖ ਜਗਤ ਅੰਦਰ ਰੋਸ ਤੇ ਰੋਹ ਪੈਦਾ ਹੋਣਾ ਕੁਦਰਤੀ ਹੈ।

# ਐਮਰਜੈਂਸੀ ਫਿਲਮ ਦੀ ਆੜ ਵਿੱਚ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਖੇਡ ਰਹੀਆਂ ਪੰਜਾਬ ਅਤੇ ਕੇਂਦਰ ਸਰਕਾਰ, ਨਤੀਜੇ ਨਿਕਲਣਗੇ ਗੰਭੀਰ: ਬਾਬਾ ਹਰਦੀਪ ਸਿੰਘ ਮਹਿਰਾਜ



ਨਵੀਂ ਦਿੱਲੀ 17 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਐਮਰਜੈਂਸੀ ਫਿਲਮ ਦੀ ਆੜ ਵਿੱਚ ਭਾਜਪਾ ਆਰਐਸਐਸ ਅਤੇ ਪੰਜਾਬ ਸਰਕਾਰ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਖੇਡ ਰਹੀਆਂ ਹਨ ਪਰ ਸਰਕਾਰਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਦੋਂ ਜਦੋਂ ਸਿੱਖ ਕੌਮ ਤੇ ਕਿਸੇ ਵੀ ਤਰੀਕੇ ਨਾਲ ਹਮਲਾ ਹੋਇਆ ਹੈ ਤਾਂ ਪੂਰੀ ਪੰਥਕ ਜਥੇਬੰਦੀਆਂ ਤੇ ਕੌਮ ਇੱਕਜੁੱਟ ਹੋ ਕੇ ਉਸ ਵਿਰੋਧੀ ਧਿਰ ਆਵਾਜ਼ ਦਾ ਮੁਕਾਬਲਾ ਕਰਨ ਲਈ ਸੜਕਾਂ ਤੇ ਆਈਆਂ ਹਨ 'ਤੇ ਹੁਣ ਵੀ ਇਸ ਐਮਰਜੰਸੀ ਫਿਲਮ ਨੂੰ ਕਿਸੇ ਵੀ ਹਾਲਤ ਵਿੱਚ ਨਹੀਂ ਚੱਲਣ ਦੇਵਾਂਗੇ ਭਾਵੇਂ ਕੁਝ ਵੀ ਕਰਨਾ ਪਵੇ । ਇਹਨਾਂ ਗੱਲਾਂ ਦਾ ਪ੍ਰਗਟਾਵਾ ਦਲ ਖਾਲਸਾ ਦੇ ਸੀਨੀਅਰ ਆਗੂ ਬਾਬਾ ਹਰਦੀਪ ਸਿੰਘ ਮਹਿਰਾਜ ਨੇ ਐਮਰਜੈਂਸੀ ਫਿਲਮ ਦੀ ਆੜ ਵਿੱਚ ਭੜਕਾਏ ਜਾ ਰਹੇ ਮਾਹੌਲ ਦਾ ਦੋਸ਼ ਲਾਉਂਦਿਆਂ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਜਿੰਮੇਵਾਰ ਦੱਸਿਆ । ਬਾਬਾ ਹਰਦੀਪ ਸਿੰਘ ਮਹਿਰਾਜ ਨੇ ਕਿਹਾ ਕਿ ਜਦੋਂ ਸ਼ੁਰੂਆਤ ਵਿੱਚ ਹੀ ਐਮਰਜੈਂਸੀ ਫਿਲਮ ਵਿਵਾਦਾਂ ਵਿੱਚ ਘਿਰ ਗਈ ਸੀ ਅਤੇ ਇਸ ਫਿਲਮ ਵਿੱਚ ਪੰਜਾਬ ਅਮਨ ਸ਼ਾਂਤੀ ਭਾਈਚਾਰਕ ਸਾਂਝ ਨੂੰ ਤੋੜਨ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਆਹਤ ਕਰਨ ਦੀਆਂ ਗੱਲਾਂ ਸਾਹਮਣੇ ਆ ਚੁੱਕੀਆਂ ਸਨ ਫਿਰ ਹੁਣ ਇਸ ਫਿਲਮ ਨੂੰ ਦੁਬਾਰਾ ਰਿਲੀਜ਼ ਕਿਉਂ ਕੀਤਾ ਗਿਆ ਹੈ। ਸੀਨ ਕੱਟ ਦੇਣੇ, ਸੀਨ ਚਲਾ ਦੇਣੇ ਜਾਂ ਇਸ ਫਿਲਮ ਵਿੱਚ ਆਪਣੇ ਆਪ ਨੂੰ ਇੰਦਰਾ ਗਾਂਧੀ ਦਿਖਾ ਕੇ ਪੰਜਾਬ ਦੀਆਂ ਭਾਵਨਾਵਾਂ ਨੂੰ ਭੜਕਾਉਣਾ ਕਿੱਥੋਂ ਤੱਕ ਜਾਇਜ਼ ਹਨ. ? ਕਿਉਂ ਨਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਇਸ ਮਸਲੇ ਤੇ ਕਦਮ ਉਠਾਉਂਦੇ. ? ਕਿਉਂ ਨਹੀਂ ਫਿਲਮ ਨੂੰ ਬੈਨ ਕਰਦੇ, ਕਿਉਂ ਨਹੀਂ ਪੰਜਾਬ ਸਰਕਾਰ ਬੰਗਲਾਦੇਸ਼ ਦੀ ਤਰ੍ਹਾਂ ਇਸ ਨੂੰ ਪੰਜਾਬ ਵਿੱਚ ਵੀ ਬੈਨ ਕਰਦੀ। ਦਲ ਖਾਲਸਾ ਆਗੂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਪੰਥਕ ਜਥੇਬੰਦੀਆਂ ਦੇ ਸੰਘਰਸ਼ ਨੂੰ ਨਜ਼ਰ ਅੰਦਾਜ਼ ਕਰਦਿਆਂ ਫਿਲਮ ਨੂੰ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਇਸ ਦੇ ਨਤੀਜੇ ਗੰਭੀਰ ਨਿਕਲਣਗੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਬੰਗਲਾਦੇਸ਼ ਵਾਂਗ ਪੰਜਾਬ ਦੀ ਅਮਨ ਸ਼ਾਂਤੀ ਭਾਈਚਾਰਾ ਸਾਂਝ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਮੱਦੇ ਨਜ਼ਰ ਰੱਖਦੇ ਤੁਰੰਤ ਫਿਲਮ ਪੰਜਾਬ ਵਿੱਚ ਬੈਨ ਕਰਨ ਦੇ ਆਦੇਸ਼ ਜਾਰੀ ਕਰਨ । ਇਸ ਮੌਕੇ ਦਲ ਖਾਲਸਾ ਆਗੂ ਨੇ ਪੁਲਿਸ ਮੁਲਾਜ਼ਮਾਂ ਨਾਲ ਵੀ ਗੱਲਬਾਤ ਕੀਤੀ ਹੈ ਤੇ ਸੁਨੇਹਾ ਦੇ ਦਿੱਤਾ ਕਿ ਕਿਸੇ ਵੀ ਹਾਲਤ ਵਿੱਚ ਫਿਲਮ ਨਹੀਂ ਚੱਲਣ ਦੇਵਾਂਗੇ ਭਾਵੇਂ ਕੁਝ ਵੀ ਕਰਨਾ ਪਵੇ।

# ਬਾਬਾ ਹਰਦੇਵ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਨੂੰ ਗਹਿਰਾ ਸਦਮਾ ਨੌਜਵਾਨ ਪੁੱਤ ਦਾ ਦਿਹਾਂਤ

**☛ ਇੰਟਰਨੈਸ਼ਨਲ ਪੰਥਕ ਦਲ ਜਿਲਾ ਗੁਰਦਾਸਪੁਰ, ਜਿਲਾ ਸ੍ਰੀ ਅੰਮ੍ਰਿਤਸਰ ਅਤੇ ਜ਼ਿਲ੍ਹਾ ਤਰਨਤਾਰਨ ਦੇ ਸਮੂਹ ਅਹੁਦੇਦਾਰ ਅਤੇ ਵਰਕਰ ਸਾਹਿਬਾਨਾਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ । ☛ ਅੰਤਿਮ ਅਰਦਾਸ ਮਿਤੀ 19-01-2025 ਦਿਨ ਐਤਵਾਰ ਨੂੰ ਗੁਰਦੁਆਰਾ ਕਲਗੀਧਰ ਸਿੰਘ ਸਭਾ ਭੈਣੀ ਮੱਸਾ ਸਿੰਘ ਵਿਖੇ।**



ਤਰਨਤਾਰਨ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਬਾਬਾ ਹਰਦੇਵ ਸਿੰਘ ਜੀ ਇਕਾਈ ਪ੍ਰਧਾਨ ਭੈਣੀ ਮੱਸਾ ਸਿੰਘ ਵਾਲਿਆਂ ਦੇ ਨੌਜਵਾਨ ਪੁੱਤ ਸ੍ਰ ਗੁਰਜੰਟ ਸਿੰਘ ਕੁਝ ਦਿਨ ਪਹਿਲਾਂ ਐਕਸੀਡੈਂਟ ਵਿਚ ਅਕਾਲ ਚਲਾਣਾ ਕਰ ਗਏ ਸਨ ਇੰਟਰਨੈਸ਼ਨਲ ਪੰਥਕ ਦਲ ਜਿਲਾ ਗੁਰਦਾਸਪੁਰ, ਸ੍ਰੀ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਸਮੂਹ ਅਹੁਦੇਦਾਰ ਅਤੇ ਵਰਕਰ ਸਾਹਿਬਾਨ ਵੱਲੋਂ ਬਾਬਾ ਹਰਦੇਵ ਸਿੰਘ ਜੀ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇੰਟਰਨੈਸ਼ਨਲ ਪੰਥਕ ਦਲ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ, ਭਾਈ ਸਤਨਾਮ ਸਿੰਘ ਜੀ ਸੈਦੋਲੇਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਅੰਮ੍ਰਿਤਸਰ ਕਿਸਾਨ ਵਿੰਗ, ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ, ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ, ਭਾਈ ਬਲਬੀਰ ਸਿੰਘ ਜੀ ਲੱਧਾ ਮੁੰਡਾ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਕਿਸਾਨ ਵਿੰਗ, ਭਾਈ ਗੁਰਬੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨਤਾਰਨ , ਭਾਈ ਭੁਪਿੰਦਰ ਸਿੰਘ ਜੀ ਤੂਤ ਜਰਨਲ ਸਕੱਤਰ ਤਰਨ ਤਾਰਨ, ਸ੍ਰ ਕਾਰਜ ਸਿੰਘ ਡਲੀਰੀ ਜਿਲਾ ਪ੍ਰਧਾਨ ਤਰਨ ਤਾਰਨ ਕਿਸਾਨ ਵਿੰਗ, ਸ੍ਰ ਰਣਦੀਪ ਸਿੰਘ ਸੈਦੋਲੇਹਲ ਪ੍ਰੈੱਸ ਸਕੱਤਰ ਅੰਮ੍ਰਿਤਸਰ ਅਤੇ ਬਲਾਕ ਪ੍ਰਧਾਨ ਤਰਸਿੱਕਾ ਅਤੇ ਸਮੂਹ ਅਹੁਦੇਦਾਰ ਅਤੇ ਵਰਕਰ ਸਾਹਿਬਾਨਾਂ ਵੱਲੋਂ ਬਾਬਾ ਹਰਦੇਵ ਸਿੰਘ ਜੀ ਅਤੇ ਸਮੂਹ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਕਿ ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਸੰਗਤਾਂ ਨੂੰ ਦੱਸਿਆ ਜਾਂਦਾ ਹੈ ਕਿ ਸ੍ਰ ਗੁਰਜੰਟ ਸਿੰਘ ਦੇ ਨਮਿੱਤ ਅੰਤਿਮ ਅਰਦਾਸ ਮਿਤੀ 19-01-2025 ਦਿਨ ਐਤਵਾਰ ਨੂੰ ਗੁਰਦੁਆਰਾ ਕਲਗੀਧਰ ਸਿੰਘ ਸਭਾ ਭੈਣੀ ਮੱਸਾ ਸਿੰਘ ਵਿਖੇ ਹੋਵੇਗਾ।ਆਪ ਸਭ ਸੰਗਤਾਂ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਜੀ।

ਬਾਪੂ ਸੂਰਤ ਸਿੰਘ ਦੀਆਂ ਪੰਥਕ ਸੇਵਾਵਾਂ ਨੂੰ ਦੇਖਦਿਆਂ ਜੱਥੇਦਾਰ ਅਕਾਲ ਤਖਤ ਸਾਹਿਬ ਵਲੋਂ

# "ਪੰਥਕ ਸ਼ਹੀਦ" ਨਾਲ ਕੀਤਾ ਜਾਏ ਸਨਮਾਨਿਤ: ਪਰਮਜੀਤ ਸਿੰਘ ਵੀਰਜੀ



ਨਵੀਂ ਦਿੱਲੀ 17 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਸੂਰਤ ਸਿੰਘ ਖਾਲਸਾ ਜਿਨ੍ਹਾਂ ਨੂੰ ਬਾਪੂ ਸੂਰਤ ਸਿੰਘ ਖਾਲਸਾ ਵੀ ਕਿਹਾ ਜਾਂਦਾ ਹੈ, ਜੋ ਕਿ ਪੰਥਕ ਅਤੇ ਰਾਜਨੀਤਿਕ ਕਾਰਕੁਨ ਸਨ ।ਬਾਪੂ ਸੂਰਤ ਸਿੰਘ ਖਾਲਸਾ ਪੰਜਾਬ ਵਿੱਚ ਸਿੱਖ ਪੰਥ ਨਾਲ ਸਬੰਧਤ ਵੱਖ-ਵੱਖ ਸਿਆਸੀ ਸੰਘਰਸ਼ਾਂ ਵਿੱਚ ਸ਼ਾਮਲ ਸਨ, ਪਰ ਓਹ ਸਿਆਸੀ ਕੈਦੀਆਂ ਦੀ ਗੈਰ-ਕਾਨੂੰਨੀ ਅਤੇ ਲੰਮੀ ਨਜ਼ਰਬੰਦੀ ਵਿਰੁੱਧ ਸ਼ਾਂਤਮਈ ਰੋਸ ਵਜੋਂ ਭੁੱਖ ਹੜਤਾਲ ਲਈ ਚਰਚਾ ਵਿੱਚ ਆਏ ਸਨ । ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਚੇਅਰਮੈਨ, ਦਿੱਲੀ ਗੁਰਦੁਆਰਾ ਕਮੇਟੀ ਦੇ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਮੁੱਖੀ ਅਤੇ ਪੰਥਕ ਸੇਵਾਦਾਰ ਭਾਈ ਪਰਮਜੀਤ ਸਿੰਘ ਵੀਰਜੀ ਨੇ ਮੀਡਿਆ ਨੂੰ ਜਾਰੀ ਕੀਤੇ ਇਕ ਬਿਆਨ ਰਾਹੀਂ ਕਿਹਾ ਕਿ ਬਾਪੂ ਜੀ ਨੇ 16 ਜਨਵਰੀ 2015 ਨੂੰ ਭੁੱਖ ਹੜਤਾਲ ਸ਼ੁਰੂ ਕੀਤੀ ਸੀ ਅਤੇ 11 ਫਰਵਰੀ 2015 ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਖੁੱਲਾ ਪੱਤਰ ਲਿਖਿਆ ਜਿਸ ਵਿੱਚ ਉਸਦੀ ਭੁੱਖ ਹੜਤਾਲ ਦੇ ਮਨੋਰਥ ਬਾਰੇ ਦੱਸਿਆ ਸੀ । ਬੰਦੀ ਸਿੰਘਾਂ ਦੀ ਰਿਹਾਈ ਲਈ ਰਖੀ ਭੁੱਖ ਹੜਤਾਲ ਦੌਰਾਨ ਉਨ੍ਹਾਂ ਨੂੰ ਕਈ ਵਾਰ ਚੁੱਕ ਲਿਆ ਜਾਂਦਾ ਸੀ ਅਤੇ ਕਈ ਵਾਰ ਹਸਪਤਾਲ ਵਿੱਚ ਨਜ਼ਰਬੰਦ ਵੀ ਰੱਖਿਆ ਜਾਂਦਾ ਸੀ ।ਬਾਪੂ ਜੀ 1970 ਦੇ ਦਹਾਕੇ ਤੋਂ ਹੀ ਮਨੁੱਖੀ ਅਧਿਕਾਰਾਂ ਦੀ ਸਰਗਰਮੀਆਂ ਨਾਲ ਜੁੜੇ ਹੋਏ ਸਨ ਅਤੇ ਧਰਮ ਯੁੱਧ ਮੋਰਚੇ ਦੌਰਾਨ ਉਨ੍ਹਾਂ ਨੇ ਇੱਕ ਸਲਾਹਕਾਰ ਵਜੋਂ ਸੇਵਾ ਵੀ ਨਿਭਾਈ ਸੀ ।ਜੂਨ 1984 ਵਿੱਚ ਸਾਕਾ ਨੀਲਾ ਤਾਰਾ ਤੋਂ ਬਾਅਦ 5 ਜੂਨ 1984 ਨੂੰ ਸਰਕਾਰੀ ਅਧਿਆਪਕ ਵਜੋਂ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਮਨੁੱਖੀ ਅਧਿਕਾਰਾਂ ਲਈ ਆਪਣੀ ਵਕਾਲਤ ਜਾਰੀ ਰੱਖਦੇ ਹੋਏ ਬਾਬਾ ਜੋਗਿੰਦਰ ਸਿੰਘ ਰੋਡੇ ਦੀ ਅਗਵਾਈ ਵਿੱਚ ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਵਜੋਂ ਸੇਵਾ ਨਿਭਾਈ। ਫਰਵਰੀ 1986 ਵਿੱਚ ਪੰਜਾਬ ਅੰਦਰ ਕੀਤੀ ਗਈ ਇੱਕ ਰੋਸ ਰੈਲੀ ਦੌਰਾਨ, ਪੁਲਿਸ ਗੋਲੀਬਾਰੀ ਦੇ ਨਤੀਜੇ ਵਜੋਂ ਬਾਪੂ ਸੂਰਤ ਸਿੰਘ ਦੀਆਂ ਲੱਤਾਂ ਵਿੱਚ ਗੋਲੀ ਲਗੀ ਸੀ ।ਉਹ ਸਿਆਸੀ ਤੌਰ 'ਤੇ ਸਰਗਰਮ ਰਹੇ ਅਤੇ 1980 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਚੰਡੀਗੜ੍ਹ, ਨਾਭਾ, ਪਟਿਆਲਾ ਅਤੇ ਅੰਮ੍ਰਿਤਸਰ ਸਮੇਤ ਵੱਖ-ਵੱਖ ਜੇਲ੍ਹਾਂ ਦੇ ਨਾਲ-ਨਾਲ ਹਰਿਆਣਾ ਵਿੱਚ ਕੁਰੂਕਸ਼ੇਤਰ, ਰੋਹਤਕ ਅਤੇ ਅੰਬਾਲਾ ਵਿੱਚ ਨਜ਼ਰਬੰਦ ਰਹੇ। ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਲਈ ਬਾਪੂ ਜੀ ਨੇ ਐਲਾਨ ਕੀਤਾ ਸੀ ਕਿ ਜੇਕਰ ਭਾਈ ਗੁਰਬਖਸ਼ ਸਿੰਘ ਖਾਲਸਾ ਨੂੰ ਕੁਝ ਹੋਇਆ ਤਾਂ ਉਹ ਨਿੱਜੀ ਤੌਰ 'ਤੇ ਸਿੱਖ ਸਿਆਸੀ ਕੈਦੀਆਂ ਦੀ ਰਿਹਾਈ ਤੱਕ ਅਣਮਿੱਥੇ ਸਮੇਂ ਲਈ ਮਰਨ ਵਰਤ 'ਤੇ ਬੈਠਣਗੇ। ਜਦੋਂ ਭਾਈ ਗੁਰਬਖਸ਼ ਸਿੰਘ ਨੇ ਆਪਣੀ ਦੂਜੀ ਭੁੱਖ ਹੜਤਾਲ ਸ਼ੁਰੂ ਕੀਤੀ ਤਾਂ ਬਾਪੂ ਜੀ ਨੇ ਸਮਰਥਨ ਦਾ ਪ੍ਰਗਟਾਵਾ ਕਰਨ ਲਈ ਅਮਰੀਕਾ ਤੋਂ ਪੰਜਾਬ ਦੀ ਯਾਤਰਾ ਕੀਤੀ ਅਤੇ ਬੰਦੀ ਸਿੰਘਾਂ ਲਈ ਲੰਮੀ ਭੁੱਖ ਹੜਤਾਲ ਤੇ ਬੈਠੇ ਸਨ । ਅੰਨਾ ਹਜ਼ਾਰੇ ਦੇ ਪਹਿਲੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਵਿੱਚ, ਜਦੋਂ ਅੰਨਾ ਹਜ਼ਾਰੇ 5 ਤੋਂ 9 ਅਪ੍ਰੈਲ 2011 ਤੱਕ ਭੁੱਖ ਹੜਤਾਲ 'ਤੇ ਸਨ, ਬਾਪੂ ਜੀ ਵੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਸਮਰਥਨ ਵਿੱਚ ਲੁਧਿਆਣਾ ਵਿੱਚ ਮਰਨ ਵਰਤ 'ਤੇ ਰਹੇ ਸਨ । ਅਸੀਂ ਜੱਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਅਪੀਲ ਕਰਦੇ ਹਾਂ ਕਿ ਬਾਪੂ ਜੀ ਦੀਆਂ ਪੰਥਕ ਸੇਵਾਵਾਂ ਨੂੰ ਦੇਖਦਿਆਂ ਉਨ੍ਹਾਂ ਨੂੰ "ਪੰਥਕ ਸ਼ਹੀਦ" ਨਾਲ ਸਨਮਾਨਿਤ ਕੀਤਾ ਜਾਏ ਅਤੇ ਪੰਥ ਦੀਆਂ ਸਮੂਹ ਧਾਰਮਿਕ ਅਤੇ ਰਾਜਸੀ ਜੱਥੇਬੰਦੀਆਂ ਇਸ ਲਈ ਅਗੇ ਆਉਣ ਅਤੇ ਉਨ੍ਹਾਂ ਲਈ ਆਪਣੀ ਆਵਾਜ਼ ਬੁਲੰਦ ਕਰਣ।

ਅਜਿਹੀਆਂ ਫਿਲਮਾਂ, ਜੋ ਫਿਰਕਾਪ੍ਰਸਤੀ ਫੈਲਾਉਂਦੀਆਂ ਹਨ ਜਾਂ ਕਿਸੇ ਧਰਮ ਦਾ ਨਿਰਾਦਰ ਕਰਦੀਆਂ ਹਨ, ਉਨ੍ਹਾਂ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ : ਅਕਾਲੀ ਦਲ ਵਾਰਿਸ ਪੰਜਾਬ ਦੇ

# ਕੰਗਣਾਂ ਰਣੌਤ ਦੀ ਫਿਲਮ ਐਮਰਜੈਂਸੀ ਲੱਗੇ ਪੂਰਨ ਤੌਰ ਰੋਕ : ਬਾਪੂ ਤਰਸੇਮ ਸਿੰਘ



**ਅੰਮ੍ਰਿਤਸਰ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਅਤੇ ਪਾਰਟੀ ਪ੍ਰਧਾਨ, ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਦੇ ਪਿਤਾ, ਬਾਪੂ ਤਰਸੇਮ ਸਿੰਘ ਜੀ ਨੇ ਪਾਰਟੀ ਐਲਾਨ ਕਰਨ ਤੋਂ ਬਾਅਦ ਪਾਰਟੀ ਹੈੱਡਕੁਆਰਟਰ ਜੱਲੂਪੁਰ ਖੈੜੇ ਤੋਂ ਭਾਈ ਪ੍ਰਗਟ ਸਿੰਘ ਦੁਆਰਾ ਆਪਣਾਂ ਪਹਿਲਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਸਿੱਖ ਧਰਮ ਦੇ ਸਿੱਧਾਂਤ ਅਤੇ ਇਤਿਹਾਸ ਸਾਡੇ ਲਈ ਪਵਿੱਤਰ ਹਨ। ਭਾਰਤੀ ਫਿਲਮ ਜਗਤ ਦੀ ਅਭਿਨੇਤਰੀ ਅਤੇ ਭਾਰਤੀ ਜਨਤਾ ਪਾਰਟੀ ਦੀ ਹਿਮਾਚਲ ਤੋਂ ਐਮ ਪੀ ਕੰਗਣਾ ਰਣੌਤ ਦੀ ਫਿਲਮ ਜੋ ਅੱਜ ਰਿਲੀਜ਼ ਕੀਤੀ ਗਈ ਹੈ ਜਿਸਦੀ ਪ੍ਰੋਡਿਊਸਰ ਡਾਇਰੈਕਟਰ ਵੀ ਉਹ ਆਪ ਖ਼ੁਦ ਹੈ ਵਿੱਚ ਸਿੱਖ ਵਿਰੋਧੀ ਸੰਦਰਭਾਂ ਦੀ ਜਾਣਕਾਰੀ ਮਿਲੀ ਹੈ, ਜਿਸ ਦੀ ਅਸੀਂ ਸਖ਼ਤ ਨਿੰਦਿਆਂ ਕਰਦੇ ਹਾਂ। ਪਹਿਲਾਂ ਵੀ ਇਸ ਮਸਲੇ 'ਤੇ ਧਿਆਨ ਦਿਵਾਇਆ ਗਿਆ ਸੀ, ਪਰ ਅਫ਼ਸੋਸ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਨੇ ਇਸਨੂੰ ਅਣਗੋਲਿਆਂ ਕੀਤਾ। ਇਹ ਕਾਰਵਾਈ ਨਾਂ ਸਿਰਫ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀ ਹੈ, ਸਗੋਂ ਸਮਾਜਕ ਸਹਿਜਤਾ ਤੇ ਪੰਜਾਬ ਦੀ ਏਕਤਾ ਨੂੰ ਵੀ ਖ਼ਤਰੇ ਵਿੱਚ ਪਾਉਂਦੀ ਹੈ। ਇਸਦੇ ਨਾਲ ਹੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਸਪੱਸ਼ਟ ਯਤਨ ਹਨ। ਸਿੱਖ ਧਰਮ ਦੇ ਇਤਿਹਾਸ ਅਤੇ ਸਿੱਧਾਂਤਾਂ ਦੇ ਖ਼ਿਲਾਫ਼ ਫਿਲਮ ਵਿੱਚ ਇਕ ਜ਼ਿੰਮੇਵਾਰ ਹਸਤੀ ਵੱਲੋਂ ਇਸ ਤਰਾਂ ਦਰਸਾਉਣ ਨੂੰ ਅਣਦੇਖਿਆ ਨਹੀਂ ਕੀਤੀ ਜਾ ਸਕਦਾ। ਕੰਗਣਾਂ ਰਣੌਤ ਦੀ ਇਸ ਫਿਲਮ ਵਿੱਚ ਸਿੱਖਾਂ ਨੂੰ ਇੱਕ ਫਿਰਕਾਪ੍ਰਸਤੀ ਜਾਂ ਉੱਤਪੀੜਕ ਧਰਮ ਦੇ ਤੌਰ 'ਤੇ ਦਰਸਾਇਆ ਗਿਆ ਹੈ, ਜੋ ਇਤਿਹਾਸਕ ਤੱਥਾਂ ਦੇ ਖ਼ਿਲਾਫ਼ ਹੈ। ਸਿੱਖ ਧਰਮ ਹਮੇਸ਼ਾ ਮਨੁੱਖਤਾ, ਨਿਆਂ ਅਤੇ ਭਾਈਚਾਰੇ ਦਾ ਪੱਖਪਾਤੀ ਰਿਹਾ ਹੈ। ਇਥੇ ਹੀ ਬੱਸ ਨਹੀਂ ਸਿੱਖ ਪੰਥ ਦੀਆਂ ਮਹਾਨ ਹਸਤੀਆਂ ਦੇ ਜੀਵਨ ਨੂੰ ਤੌਹੀਨਜਨਕ ਢੰਗ ਨਾਲ ਪੇਸ਼ ਕੀਤਾ ਗਿਆ ਹੈ ਅਤੇ ਬਿਲਕੁਲ ਵਿਪਰੀਤ ਜਾਣਕਾਰੀ ਪੇਸ਼ ਕੀਤੀ ਗਈ ਹੈ ਜੋ ਕਿ ਸਿੱਖ ਇਤਿਹਾਸ ਦਾ ਨਿਰਾਦਰ ਹੈ। ਸਿੱਖ ਧਰਮ ਨੇ ਸਦੀਆਂ ਤੋਂ ਸਮਾਜਿਕ ਸਾਂਝ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕੀਤੀ ਹੈ। ਫਿਲਮ ਵਿੱਚ ਦਿੱਤੇ ਗਏ ਸੰਦਰਭ ਫਿਰਕਾਪ੍ਰਸਤੀ ਨੂੰ ਉਕਸਾਉਣ ਵਾਲੇ ਹਨ ਅਤੇ ਇਹ ਸਿੱਖੀ ਦੇ ਮੁੱਢਲੀ ਮੂਲ ਭਾਵਨਾ ਦੇ ਹੀ ਵਿਰੁੱਧ ਹਨ। ਅਸੀਂ ਫਿਲਮ ਦੇ ਨਿਰਮਾਤਾਵਾਂ ਨੂੰ ਚੇਤਾਵਨੀ ਦਿੰਦੇ ਹਾਂ ਕਿ ਜੇਕਰ ਇਹ ਤੱਥ ਫਿਲਮ ਤੋਂ ਹਟਾਏ ਨਹੀਂ ਜਾਂਦੇ, ਤਾਂ ਸਿੱਖ ਸੰਗਤਾਂ ਇਸਦਾ ਕਾਨੂੰਨੀ ਤੌਰ 'ਤੇ ਵੀ ਪੂਰਾ ਜਵਾਬ ਦੇਣਗੀਆਂ।

ਅਸੀਂ ਸਾਰੇ ਸਿੱਖ ਪੰਥ, ਧਰਮ ਪ੍ਰੇਮੀਆਂ ਅਤੇ ਪੰਜਾਬ ਹਿਤੈਸ਼ੀਆਂ ਨੂੰ ਅਪੀਲ ਕਰਦੇ ਹਾਂ ਕਿ ਅਜਿਹੀਆਂ ਫਿਲਮਾਂ, ਜੋ ਫਿਰਕਾਪ੍ਰਸਤੀ ਫੈਲਾਉਂਦੀਆਂ ਹਨ ਜਾਂ ਕਿਸੇ ਧਰਮ ਦਾ ਨਿਰਾਦਰ ਕਰਦੀਆਂ ਹਨ, ਉਨ੍ਹਾਂ ਦਾ ਮੁਕੰਮਲ ਬਾਈਕਾਟ ਕੀਤਾ ਜਾਵੇ। ਇਹ ਸਿਰਫ ਸਿੱਖ ਧਰਮ ਦੀ ਸੁਰੱਖਿਆ ਦਾ ਮਸਲਾ ਨਹੀਂ, ਸਗੋਂ ਸਾਡੇ ਪੰਜਾਬ ਦੀ ਮਾਣ, ਸਾਂਝ ਅਤੇ ਸੱਭਿਆਚਾਰ ਦੀ ਰੱਖਿਆ ਦਾ ਵੀ ਪ੍ਰਸ਼ਨ ਹੈ।

ਜਨਤਾ ਦਲ (ਯੂ) ਦੀ ਪੰਜਾਬ ਯੂਨਿਟ ਨੇ ਪਾਸ ਕੀਤੇ ਮਤੇ, ਸਿਆਸੀ ਮਾਮਲਿਆਂ ਦੀ ਕਮੇਟੀ 'ਚ ਬਣੀ ਪੰਜਾਬ ਬਾਰੇ ਨੀਤੀ

# ਖਨੌਰੀ ਬਾਰਡਰ ਤੇ ਜੇਡੀਯੂ ਦਾ ਵਫਦ ਜਾਏਗਾ ਜਲਦੀ: ਗਿੱਲ

ਚੌਂਕ ਮਹਿਤਾ : 17 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ)ਜਨਤਾ ਦਲ (ਯੂ) ਪੰਜਾਬ ਯੂਨਿਟ ਦੀ ਮੀਟਿੰਗ ਪਾਰਟੀ ਦੇ ਸੂਬਾਈ ਪ੍ਰਧਾਨ ਸ੍ਰ ਮਾਲਵਿੰਦਰ ਸਿੰਘ ਬੈਨੀਪਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਚ ਸੂਬਾ ਸਿਆਸੀ ਮਾਮਲਿਆ ਦੀ ਕਮੇਟੀ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ ਕੀਤੇ। ਮੀਟਿੰਗ 'ਚ ਅਹਿਮ ਮੁੱਦਿਆ ਤੇ ਵਿਚਾਰ ਚਰਚਾ ਹੋਈ। ਇਸ ਮੀਟਿੰਗ ਚ ਕੁਝ ਮਤੇ ਵੀ ਪਾਸ ਕੀਤੇ ਗਏ। ਮੀਟਿੰਗ 'ਚ ਲਏ ਗਏ ਅਹਿਮ ਫੈਂਸਲਿਆ ਬਾਰੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਜਨਤਾ ਦਲ (ਯੂ) ਦੇ ਸੂਬਾਈ ਜਨਰਲ ਸਕੱਤਰ ਸ੍ਰ ਸਤਨਾਮ ਸਿੰਘ ਗਿੱਲ ਨੇ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਦੇ ਲੋਕਾਂ ਨਾਲ ਮੁੱਦਿਆਂ ਅਧਾਰਿਤ ਖੜਨ ਦਾ ਨਿਰਣੇ ਲਿਆ ਗਿਆ। ਇਸ ਪੀ.ਏ.ਸੀ ਦੀ ਮੀਟਿੰਗ ਮਤੇ ਪਾਸ ਕੀਤੇ ਗਏ ਕਿ ਦੇਸ਼ਾਂ ਵਿਦੇਸ਼ਾਂ ਚ ਰੋਜ਼ੀ ਰੋਟੀ ਕਮਾਉਣ ਗਏ ਪੰਜਾਬੀਆਂ ਦੀਆਂ ਜ਼ਮੀਨਾਂ ਜਾਇਦਾਦਾਂ ਤੇ ਭੂ-ਮਾਫ਼ੀਆ ਵੱਲੋਂ ਕੀਤੇ ਗਏ ਕਬਜ਼ਿਆਂ ਨੂੰ ਛੁਡਵਾਉਣ ਲਈ ਐਨ.ਆਰ.ਆਈ ਪਰਿਵਾਰਾਂ ਦੀ ਮਦਦ ਲਈ ਤਾਲਮੇਲ ਕਮੇਟੀ ਬਣਾਈ ਜਾਣ ਬਾਰੇ ਸਹਿਮਤੀ ਬਣੀ। ਦੂਸਰਾ ਮਤਾ ਪਾਸ ਕੀਤਾ ਗਿਆ ਕਿ ਨਿੱਜੀ ਸਕੂਲਾਂ ਵੱਲੋਂ ਪੜਾਈ ਦੇ ਨਾ ਤੇ ਸਿੱਖਿਆਂ ਨੀਤੀ ਤੋਂ ਬਾਹਰ ਜਾਂਦਿਆਂ ਬੱਚਿਆਂ ਦੇ ਮਾਪਿਆਂ ਤੋਂ ਵਸੂਲੀਆਂ ਜਾਂਦੀਆਂ ਬੇਲੋੜੀਆਂ ਫ਼ੀਸਾਂ ਖਿਲਾਫ ਮਾਪਿਆਂ ਨੂੰ ਨਾਲ ਲੈ ਕੇ ਬੇਲੋੜੀ ਵਸੂਲੀ ਦੇ ਮੁੱਦੇ ਤੇ ਜਨਤਕ ਤੌਰ 'ਤੇ ਪ੍ਰੋਗਰਾਮ ਆਯੋਜਿਤ ਕੀਤੇ ਜਾਣ ਦਾ ਫ਼ੈਸਲਾ ਲਿਆ ਗਿਆ ਹੈ। ਪਾਸ ਕੀਤੇ ਗਏ ਮਤੇ ਚ ਜਨਤਾ ਦਲ (ਯੂ) ਪੰਜਾਬ ਦੀ ਯੂਨਿਟ ਨੇ ਪੰਜਾਬ ਚ ਨਸ਼ੇ ਦੀ ਰੋਕਥਾਮ ਕਰਨ ਅਤੇ ਸਮਾਜਿਕ ਅਲਾਮਤਾਂ ਖ਼ਿਲਾਫ਼ ਝੰਡਾਂ ਬਰਕਾਰ ਕਰਨ। ਵਿਸਾਖੀ ਦੇ ਤਿਉਹਾਰ ਮੌਕੇ ਜਨਤਾ ਦਲ ਯੂ ਵਲੋਂ ਵਿਸੇਸ ਪਰੋਗਰਾਮ ਕਰਨ ਦਾ ਫੈਂਸਲਾ ਲਿਆ । ਇਸ ਮੌਕੇ ਪਾਰਟੀ ਵਿੱਚ ਕਈ ਚੇਹਰਿਆਂ ਨੂੰ ਸ਼ਾਮਲ ਕੀਤਾ ਗਿਆ। ਇਸ ਮੌਕੇ ਸੀਨੀਅਰ ਲੀਡਰ ਸੰਜੀਵ ਕੁਮਾਰ ਝਾਅ,ਯਸ਼ਪਾਲ ਗੌਇਲ,ਰਾਹੁਲ ਘਈ,ਆਰ ਕੇ ਘਈ,ਪੀਏ ਗੁਰਪ੍ਰੀਤ ਸਿੰਘ ਖਾਲਸਾ ਆਦਿ ਹਾਜਰ ਸਨ।



# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾਣਗੇ ਗੁਰਮਤਿ ਸਮਾਗਮ



**ਚੌਂਕ ਮਹਿਤਾ, 17 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਚੰਡੀਗੜ੍ਹ ਵਲੋਂ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਜਾਪੁ ਸਾਹਿਬ ਅਤੇ ਤ੍ਵ ਪ੍ਰਸਾਦਿ ਸਵੱਯੇ ਪਾਠ ਬੋਧ ਤੇ ਅਰਥ ਵਿਚਾਰ' ਗਿਆਨੀ ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡਾ ਵਾਲੇ ਕਰਨਗੇ ਜਾਣਕਾਰੀ ਦਿੰਦਿਆ ਸ੍ਰ ਡੀ ਪੀ ਸਿੰਘ ਜੀ ਸਾਬਕਾ ਸੀ ਈ ਓ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ,ਸਾਬਕਾ ਸੀ ਈ ਓ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,ਸਾਬਕਾ ਡੀ ਜੀ ਐਮ ਪੰਜਾਬ ਐਂਡ ਸਿੰਧ ਬੈਂਕ, ਬ੍ਰਾਂਚ ਇੰਚਾਰਜ ਤੇਰਾ ਹੀ ਤੇਰਾ ਮੈਡੀਕੋਜ਼ ਨੇ ਦੱਸਿਆ ਕਿ ਮਿਤੀ 22 ਜਨਵਰੀ ਤੋਂ 26 ਜਨਵਰੀ ਦਿਨ ਬੁੱਧਵਾਰ ਤੋਂ ਐਤਵਾਰ ਤੱਕ ਹਰ ਰੋਜ ਸ਼ਾਮ 6:45 ਤੋ 8:15 ਵਜੇ ਤੱਕ ਸਥਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਸੈਕਟਰ 34 ਡੀ, ਚੰਡੀਗੜ੍ਹ ਸ਼ਾਮ 6.45 ਵਜੇ ਤੋਂ 7.00 ਵਜੇ ਤੱਕ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵੱਲੋ ਕੀਰਤਨ ਅਤੇ ਲੈਕਚਰ ਅਤੇ ਸ਼ਾਮ 7:00 ਤੋਂ 8:15 ਸ਼ਾਮ ਗਿਆਨੀ ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡਾ ਕਥਾ ਵਾਚਕ ਸੰਗਤਾ ਨੂੰ ਗੁਰਬਾਣੀ ਰਸ ਨਾਲ ਨਿਹਾਲ ਕਰਨਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ

# ਸਮਾਜਿਕ ਬੁਰਾਈਆਂ ਅਤੇ ਨਸ਼ੇ ਨੂੰ ਖਤਮ ਕਰਨ ਲਈ ਸਾਂਝੇ ਯਤਨਾਂ ਦੀ ਲੋੜ: ਵਰੁਣ ਭਾਟੀਆ



**ਚੌਂਕ ਮਹਿਤਾ 17 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ** )-ਪੰਜਾਬੀਆਂ ਲਈ ਚੁਣੌਤੀ ਬਣ ਚੁੱਕੇ ਨਸ਼ੇ ਨੂੰ ਖਤਮ ਕਰਨ ਲਈ ਜਿੱਥੇ ਸਾਂਝੇ ਯਤਨਾਂ ਦੀ ਲੋੜ ਹੈ ਉੱਥੇ ਨਾਲ ਹੀ ਨੌਜਵਾਨ ਪੀੜੀ ਨੂੰ ਸਮਾਜਿਕ ਬੁਰਾਈਆਂ ਦੇ ਖਾਤਮੇ ਲਈ ਇੱਕਜੁੱਟ ਹੋ ਕੇ ਅੱਗੇ ਆਉਣਾ ਵੀ ਅਜੋਕੇ ਸਮੇਂ ਦੀ ਮੁੱਖ ਲੋੜ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਆਰ ਟੀ ਆਈ ਸੈੱਲ ਦੇ ਜ਼ਿਲ੍ਹਾ ਚੇਅਰਮੈਨ ਵਰੁਣ ਭਾਟੀਆ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਨੇ ਕਿਹਾ ਕਿ ਨਸ਼ਿਆਂ ਦੇ ਕਾਰਨ ਅੱਜ ਪੰਜਾਬ ਦੀ ਜਵਾਨੀ ਬਰਬਾਦੀ ਵੱਲ ਪੈਰ ਪੁੱਟ ਰਹੀ ਹੈ। ਜਦਕਿ ਪੰਜਾਬ ਵਿਰੋਧੀ ਤਾਕਤਾਂ ਅਤੇ ਮਾੜੇ ਅੰਤਰ ਚੰਦ ਛਿਕਿਆਂ ਦੇ ਲਾਲਚ ਵਿੱਚ ਆ ਕੇ ਪੰਜਾਬ ਨੂੰ ਨਸ਼ੇ ਦੇ ਭੱਠੀ ਵਿੱਚ ਝੋਕ ਰਹੇ ਹਨ। ਉਹਨਾਂ ਕਿਹਾ ਕਿ ਸਰਕਾਰ ਅਤੇ ਪ੍ਰਸ਼ਾਸਨ ਨੂੰ ਨਸ਼ਿਆਂ ਖਿਲਾਫ ਸਖਤੀ ਵਰਤਨ ਦੀ ਲੋੜ ਹੈ ਅਤੇ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਚ ਮੱਲਾਂ ਮਾਰਨ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਕਿ ਸਮਾਜਿਕ ਬੁਰਾਈਆਂ ਨੂੰ ਖਤਮ ਕੀਤਾ ਜਾ ਸਕੇ।

# ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਨੇ ਕੈਲੰਡਰ ਜਾਰੀ ਕੀਤਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸਵ ਡਵੀਜ਼ਨ ਭਲਵਾਨ ਤੇ ਸਿਟੀ ਧੂਰੀ ਦੇ ਮੁਲਾਜ਼ਮਾਂ ਵੱਲੋਂ ਆਈ ਟੀ ਆਈ ਇੰਪਲਾਈਜ਼ ਐਸੋਸੀਏਸ਼ਨ ਜਥੇਬੰਦੀ ਦੇ ਨਵੇਂ ਸਾਲ ਦੇ ਕੈਲੰਡਰਾਂ ਦੀ ਰਲੀਜ ਕਰਨ ਦੀ ਰਸਮ ਐੱਸ ਡੀ ਓ ਜਸਵਿੰਦਰ ਅੱਤਰੀ ਤੇ ਐੱਸ ਡੀ ਓ ਹਰਵਿੰਦਰ ਸਿੰਘ ਵੱਲੋਂ ਕਰਵਾਈ ਗਈ ਇਸ ਸਮੇਂ ਸਰਕਲ ਆਗੂ ਮਨਜੀਤ ਸਿੰਘ ਲੱਡਾ ਤੇ ਡਵੀਜ਼ਨ ਧੂਰੀ ਦੇ ਮੈਂਬਰਾਂ ਦੀ ਹਾਜ਼ਰੀ ਵਿਚ ਜਥੇਬੰਦੀ ਦਾ ਕੈਲੰਡਰ ਰਲੀਜ ਕੀਤਾ ਗਿਆ। ਸਾਰੇ ਹੀ ਦਫਤਰਾਂ ਤੇ ਗਰਿੱਡ ਧੂਰੀ ਵਿੱਚ ਜਥੇਬੰਦੀ ਦੇ ਕੈਲੰਡਰ ਲਗਾਏ ਗਏ ਇਸ ਸਮੇਂ ਭਰਾਤਰੀ ਜਥੇਬੰਦੀਆਂ ਦੇ ਆਗੂ ਵੀ ਮੌਜੂਦ ਸਨ। ਇਸ ਸਮੇਂ ਇੰਜ ਗੁਰਦੇਵ ਸਿੰਘ ਅਮਰਜੀਤ ਦਾਸ, ਜੱਗਾ ਮੀਮਸਾ, ਗੁਰਦੀਪ ਸਿੰਘ, ਚਰਨਜੀਤ ਸਿੰਘ, ਰਾਹੁਲ ਕੁਮਾਰ, ਮਨਵੀਰ ਸਿੰਘ, ਸਤਨਾਮ ਸਿੰਘ, ਜਸਪ੍ਰੀਤ ਸਿੰਘ ਸੰਦੀਪ ਸਿੰਘ ਆਦਿ ਸਾਥੀ ਹਾਜ਼ਰ ਸਨ।

# ਨਗਰ ਨਿਗਮ ਵਿਖੇ ਪ੍ਰਾਪਰਟੀ ਟੈਕਸ,ਪਾਣੀ ਤੇ ਸੀਵਰੇਜ਼ ਦੇ ਬਿੱਲਾਂ,ਟਰੇਡ ਲਾਇਸੈਂਸ ਤੇ ਰੈਂਟ/ਤਹਿਬਜ਼ਾਰੀ ਦੀ ਕੁਲੈਕਸ਼ਨ ਸ਼ੁਰੂ : ਡਾ.ਅਮਨਦੀਪ ਕੌਰ

ਹੁਸ਼ਿਆਰਪੁਰ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)-ਕਮਿਸ਼ਨਰ ਨਗਰ ਨਿਗਮ ਡਾ.ਅਮਨਦੀਪ ਕੌਰ ਨੇ ਦੱਸਿਆ ਕਿ ਦਫ਼ਤਰ ਨਗਰ ਨਿਗਮ ਵਿਖੇ ਪ੍ਰਾਪਰਟੀ ਟੈਕਸ,ਵਾਟਰ ਸਪਲਾਈ ਤੇ ਸੀਵਰੇਜ਼ ਦੇ ਬਿੱਲਾਂ, ਟਰੇਡ ਲਾਇਸੈਂਸ ਅਤੇ ਰੈਂਟ/ਤਹਿਬਜ਼ਾਰੀ ਦੀ ਕੁਲੈਕਸ਼ਨ ਸ਼ੁਰੂ ਹੋ ਗਈ ਹੈ। ਇਸ ਕੰਮ ਲਈ ਨਗਰ ਨਿਗਮ ਦਫ਼ਤਰ ਵਿਖੇ ਕਾਊਂਟਰ ਸਥਾਪਿਤ ਕੀਤੇ ਗਏ ਹਨ ਜਿਥੇ ਕਿ ਪਬਲਿਕ ਕੰਮਕਾਜ ਵਾਲੇ ਦਿਨ ਆ ਕੇ ਆਪਣੇ ਬਿੱਲਾਂ ਦੀ ਅਦਾਇਗੀ ਕਰ ਕਰ ਸਕਦੀ ਹੈ। ਉਨ੍ਹਾਂ ਦੱਸਿਆਂ ਕਿ ਪਬਲਿਕ ਦੀ ਸਹੂਲਤ ਲਈ ਕੱਲ੍ਹ 18 ਜਨਵਰੀ ਦਿਨ ਸ਼ਨੀਵਾਰ ਨੂੰ ਵੀ ਸਮਾਂ ਸਵੇਰੇ 10:00 ਵਜੇ ਤੋਂ ਸ਼ਾਮ 01:30 ਵਜੇ ਤੱਕ ਕਾਊਂਟਰ ਖੁੱਲ੍ਹੇ ਰਹਿਣਗੇ ਜਿਥੇ ਕਿ ਪਬਲਿਕ ਆਪਣਾ ਬਣਦਾ ਕੈਸ਼ ਜਮ੍ਹਾਂ ਕਰਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪਬਲਿਕ ਵਲੋਂ ਕਾਊਂਟਰ 'ਤੇ ਆਪਣਾ ਟੈਕਸ, ਟਰੇਡ ਲਾਇਸੈਂਸ ਅਤੇ ਪਾਣੀ ਅਤੇ ਸੀਵਰੇਜ਼ ਦੇ ਬਿੱਲ ਜਮ੍ਹਾਂ ਕਰਵਾਉਣ ਸਮੇਂ ਘਰ ਦੇ ਬਾਹਰ ਲੱਗੀ ਯੂ. ਆਈ.ਡੀ ਨੰਬਰ ਪਲੇਟ ਦਾ ਵੇਰਵਾ ਵੀ ਲਾਜ਼ਮੀ ਤੌਰ 'ਤੇ ਰਜਿਸਟਰਡ ਕਰਵਾਉਣ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸੰਤ ਬਾਬਾ ਹਰਦੀਪ ਸਿੰਘ ਦੀ ਸਪੁੱਤਰੀ ਦੇ ਵਿਆਹ ਆਨੰਦ ਕਾਰਜ ਭੋਗ ਸਮੇਂ

# ਮਹਾਨ ਸਖਸੀਅਤ ਨੇ ਦਿੱਤਾ ਆਸ਼ੀਰਵਾਦ














**ਚੌਂਕ ਮਹਿਤਾ, 17 ਜਨਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ**)-ਸੰਤ ਬਾਬਾ ਹਰਦੀਪ ਸਿੰਘ ਚੰਨਣਕੇ ਵਾਲਿਆਂ ਦੀ ਸਪੁੱਤਰੀ ਹਰਮਨਪ੍ਰੀਤ ਕੌਰ ਦੇ ਵਿਆਹ ਆਨੰਦ ਕਾਰਜ ਦੀਆਂ ਖੁਸੀਆ ਵਿੱਚ ਧੰਨ ਧੰਨ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਪਵਿੱਤਰ ਪਾਵਨ ਗੁਰਬਾਣੀ ਦੇ ਭੋਗ ਪਾਇ ਗਏ। ਉਪਰੰਤ ਰਾਗੀ ਭਾਈ ਹਰਮਨ ਸਿੰਘ,ਕੀਰਤਨ ਸੰਗਤਾਂ ਨੂੰ ਸਰਵਨ ਕਰਵਾਏ। ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਨੇ ਕਥਾ ਵਿਚਾਰ ਅਤੇ ਗੁਰਮੱਤ ਵਿਚਾਰਾਂ ਦੀ ਸਾਂਝ ਪਾਈ। ਅਤੇ ਗਿਆਨੀ ਸੁਖਵੰਤ ਸਿੰਘ ਬੰਟੀ ਨੇ ਵੀ ਸੰਗਤਾਂ ਨੂੰ ਕਥਾ ਸਰਵਨ ਕਰਵਾਈ। ਸੰਤ ਬਾਬਾ ਹਰਦੀਪ ਸਿੰਘ ਚੰਨਣਕੇ ਵਾਲਿਆਂ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ ਨੇ ਬੱਚੀ ਨੂੰ ਆਸ਼ੀਰਵਾਦ ਦਿੱਤਾ, ਦਮਦਮੀ ਟਕਸਾਲ ਦੇ ਵਿਦਿਆਰਥੀ ਭਾਈ ਸੰਦੀਪ ਸਿੰਘ ਧੁੱਗਾ,ਭਾਈ ਨਿਸਾਨ ਸਿੰਘ ਕਨੇਡਾ, ਭਾਈ ਗੁਰਵਿੰਦਰ ਸਿੰਘ ਰਾਗੀ ਮਹਿਤਾ, ਡਾ, ਕੇਵਲ ਸਿੰਘ, ਬਾਬਾ ਬਲਵਿੰਦਰ ਸਿੰਘ ਹੈਡ ਗ੍ਰੰਥੀ, ਕਰਨਬੀਰ ਸਿੰਘ, ਭਾਈ ਕੁੰਵਰ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਾਹਿਤਕ ਅਤੇ ਕਾਵਿਕ ਫੋਟੋਗ੍ਰਾਫੀ ਦਾ ਉਸਤਾਦ - ਲੇਖਕ ਹਰਭਜਨ ਬਾਜਵਾ

**ਪ੍ਰਸਿੱਧ ਸਾਹਿਤਕ** ਅਤੇ ਕਾਵਿਕ ਫੋਟੋਗ੍ਰਾਫਰ ਹਰਭਜਨ ਬਾਜਵਾ ਦੇਸ਼ ਵਿਦੇਸ਼ ਦੇ ਪ੍ਰਸਿੱਧ ਫੋਟੋਗ੍ਰਾਫਰ ਵਿੱਚ ਉਸ ਦਾ ਨਾਂਅ ਹੈ। ਸਰਕਾਰੀ ਪੋਲੀਟੈਕਨਿਕ ਕਾਲਿਜ ਬਟਾਲਾ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) ਦੇ ਸਾਹਮਣੇ ਬਾਜਵਾ ਫੋਟੋਸ ਸਟੂਡੀਓ ਅਤੇ ਇਸ ਦੇ ਉੱਪਰ ਉਸ ਦੀ ਰਿਹਾਇਸ਼। ਉਸ ਦੇ ਸਟੂਡੀਓ ਵਿੱਚ ਸਾਹਿੱਤਕ ਅਤੇ ਕਲਾਤਮਿਕ ਫੋਟੋਆਂ ਦੀ ਪ੍ਰਦਰਸ਼ਨੀ ਚੌਵੀ ਘੰਟੇ ਵੇਖੀ ਜਾ ਸਕਦੀ।



ਪੰਜਾਬ, ਪੰਜਾਬੀ, ਪੰਜਾਬੀਅਤ, ਸਾਹਿਤਕ, ਕਲਾਤਮਿਕ ਅਤੇ ਕਾਵਿਕ ਫੋਟੋਗ੍ਰਾਫੀ ਨੂੰ ਸਮਰਪਿਤ ਹੈ ਹਰਭਜਨ ਬਾਜਵਾ, ਅੱਖ ਦੇ ਇਸ਼ਾਰੇ ਨਾਲ ਅੰਬਰੋਂ ਤਾਰੇ ਤੋੜ ਲਿਆਉਣ ਵਾਲਾ ਬੰਦਾ, ਮੂੰਹ ਫੱਟ, ਸੱਚਾ ਸੁੱਚਾ, ਭਾਵੇਂ ਤੂੰ-ਤੂੰ, ਮੈਂ-ਮੈਂ ਹੋ ਜਾਏ ਪਰ ਸੱਚ ਕਹਿਣੋਂ ਬਾਝ ਨਹੀਂ ਆਉਂਦਾ। ਕਈ ਲੋਕ ਉਸ ਨੂੰ ਸਿਰ ਫਿਰਾ, ਪਾਗਲ, ਸ਼ੌਦਾਈ, ਅਲਬੇਲਾ, ਫਕੱਰ, ਕਮਲਾ ਆਦਿ ਵੀ ਕਹਿ ਦਿੰਦੇ ਹਨ।

ਉਸ ਦੀ ਅੱਖ ਕੈਮਰੇ ਦੀ ਕਲਿਕ ਦਾ ਚੋਖਾ ਤਜ਼ੁਰਬਾ ਰੱਖਦੀ ਹੈ। ਉਸ ਦੀ ਅੱਖ ਕਲਾਤਮਿਕ ਚੀਜ਼ਾਂ 'ਤੇ ਜ਼ਿਆਦਾ ਟਿਕਦੀ ਹੈ। ਕੈਮਰੇ ਦੀ ਪਲਕ ਵਿੱਚ ਇੱਕ ਮਿਕਨਾਤੀਸ਼ੀ ਖਿੱਚ। ਵੈਸੇ ਉਹ ਵਿਅਕਤਿਤਵ ਤੌਰ 'ਤੇ ਯਾਰਾਂ ਦਾ ਯਾਰ, ਸੱਚੇ ਸੁੱਚੇ ਗੈਰਾਂ ਦਾ ਵੀ ਆਪਣਾ। ਗਲਤ ਬੰਦੇ ਨੂੰ ਮੂੰਹ 'ਤੇ ਗਲਤ ਕਹਿ ਦੇਣਾ ਉਸ ਦੀ ਆਦਤ ਹੈ, ਪਤਾ ਨਹੀਂ ਇਹ ਚੰਗੀ ਹੈ ਜਾਂ ਮਾੜੀ, ਪਰ ਉਹ ਇਸ ਤੋਂ ਟਸ ਤੋਂ ਮਸ ਨਈਂ ਹੁੰਦਾ। ਪੰਜਾਬ ਦਾ ਸਾਇਦ ਕੋਈ ਹੀ ਐਸਾ ਸਾਹਿਤਕਾਰ, ਨਾਟਕਕਾਰ, ਕਲਾਕਾਰ, ਪੱਤਰਕਾਰ, ਸੰਪਾਦਕ ਹੋਵੇ ਜਿਸ ਦੀ ਫੋਟੋ ਬਾਜਵੇ ਦੇ ਕੈਮਰੇ ਵਿੱਚ ਬੰਦ ਨਾ ਹੋਵੇ। ਚਾਹੇ ਪਾਕਿਸਤਾਨ ਦੇ ਸਾਹਿਤਿਕ ਕਲਾਕਾਰ ਹੋਵਣ ਜਾਂ ਪੰਜਾਬ (ਭਾਰਤ) ਦੇ ਉਸ ਦੇ ਕੈਮਰੇ ਵਿੱਚ ਸੁਸ਼ੋਭਿਤ ਹਨ। ਪੰਜਾਬ ਅਤੇ ਨਾਰਥ ਜੋਨ ਦੇ ਹਿੰਦੀ, ਪੰਜਾਬੀ, ਉਰਦੂ, ਅੰਗਰੇਜ਼ੀ, ਡੋਗਰੀ, ਸਿੰਧੀ ਆਦਿ ਭਾਸ਼ਾਵਾਂ ਦੇ ਲੇਖਕਾਂ ਦੇ ਫੋਟੋਗ੍ਰਾਫਸ ਉਸ ਕੋਲ ਮੌਜੂਦ ਹਨ। ਭਾਰਤ - ਪਾਕਿਸਤਾਨ ਦੇ ਮਸ਼ਹੂਰ ਮੇਲੇ ਉਸ ਦੇ ਕੈਮਰੇ ਵਿੱਚ ਜੀਵਤ ਹਨ। ਭਾਰਤ ਦੀਆਂ ਪਹਾੜੀਆਂ, ਫਸਲਾਂ, ਪਸ਼ੂ-ਪੰਛੀਆਂ ਦੇ ਸੁੰਦਰ ਦ੍ਰਿਸ਼ ਉਸਦੇ ਕੈਮਰੇ ਵਿੱਚ ਸਮੋਏ ਹੋਏ ਹਨ। ਉਹ ਵਧੀਆ ਲੇਖਕ ਤੇ ਕਵੀ ਵੀ ਹਨ। ਪੰਜਾਬੀ ਕਵਿਤਾਵਾਂ ਦੀਆਂ ਦੋ ਪੁਸਤਕਾਂ ਸੁੱਕੇ ਕੱਖਾਂ ਥੱਲੇ ਅੱਗ ਅਤੇ ਮੌਤ ਇੱਕ ਆਸ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕਾ ਹੈ।

ਬਾਜਵਾ ਜਿੱਦੀ ਨਹੀਂ ਹੈ, ਹਾਂ ਤੇ ਹਾਂ ਜਾਂ ਨਾਂਹ ਤੇ ਨਾਂਹ, ਪਰ ਛੋਟੀ ਗਲਾਸੀ 'ਤੇ ਆਣ ਕੇ ਜਿੱਦ ਕਰਦਾ ਹੈ ਜ਼ਰੂਰ ਕਦੀ-ਕਦੀ। ਉਹ ਸੱਚੀ ਤੇ ਇਮਾਨਦਾਰੀ ਵਾਲੀ ਪੰਜਾਬੀ ਵਿੱਚ ਗੱਲ ਕਰਦਾ ਹੈ, ਦੂਸਰਿਆਂ ਸ਼ਬਦਾਂ, ਹੋਰ ਭਾਸ਼ਾਵਾਂ ਨੂੰ ਵਿੱਚ ਨਹੀਂ ਘਸੋੜਦਾ। ਤ੍ਰਿਪਤ ਪੰਜਾਬੀ ਦਾ ਸ਼ੌਦਾਈ। ਬਾਡੀ ਲੈਂਗੁਏਜ ਵਿੱਚ ਓਵਰਐਕਟਿੰਗ ਨਹੀਂ ਕਰਦਾ। ਉਸ ਦਾ ਪਹਿਰਾਵਾ ਵੇਖ ਕੇ ਕੋਈ ਵੀ ਕਹਿ ਸਕਦਾ ਹੈ ਕਿ ਇਹ ਬੰਦਾ ਕੋਈ ਬਲਾਅ ਹੈ। ਸਰਕੜੇ ਵਰਗੇ ਸਫੇਦ ਵਾਲ ਮੋਢਿਆਂ ਤੱਕ ਲਹਿਰਾ ਕੇ ਕੰਨਸੋਆਂ ਕਰਦੇ, ਸਿੱਖੀ ਸਰੂਪ ਮੁਕੰਮਲ ਦਾੜ੍ਹੀ, ਮੋਢੇ ਤੇ ਕੈਮਰਾ, ਕੁਰਤਾ-ਪਜਾਮਾ ਉਸ ਦੀ ਫਕੀਰਾਨਾ ਆਦਤ ਤੇ ਅਨੁਕੂਲ। ਜਦੋਂ ਉਹ ਸੱਜਣਾ-ਬੇਲੀਆਂ ਨਾਲ ਗੱਲਾਂ ਕਰਦਾ ਹੈ, ਤਾਂ ਇਵੇਂ ਲਗਦਾ ਹੈ ਜਿਵੇਂ ਕੋਈ ਕਲਾਕਾਰ ਰੰਗਮੰਚ ਦਾ ਸੂਤਰਧਾਰ ਹੋਵੇ।

ਲਲਿਤ ਕਲਾ ਅਕੈਡਮੀ ਵੱਲੋਂ ਭਾਰਤ ਪੱਧਰ ਦਾ ਸਨਮਾਨ ਲੈ ਚੁੱਕਾ ਹੈ। ਪੰਜਾਬ ਆਰਟ ਕੌਂਸਿਲ ਵਲੋਂ ਵੀ ਮਾਨ-ਸਨਮਾਨ ਲੈ ਚੁੱਕਾ ਹੈ।

ਬਾਜਵਾ ਮਨ ਦਾ ਸਰਲ ਤਾਂ ਹੈ ਹੀ, ਪਰ ਮੁਸ਼ਿਕਲ ਵੀ ਹੈ। ਉਸ ਨੂੰ ਹਰ ਬੰਦਾ ਨਹੀਂ ਪੜ੍ਹ ਸਕਦਾ। ਬਟਾਲੇ ਦੇ ਬਹੁਤ ਬੁਜ਼ੁਰਗ ਉਸ ਦੇ ਯਾਰ ਰਹੇ ਹਨ। ਉਹ ਯਾਰ ਜੋ ਸਵ. ਸ਼ਿਵ ਕੁਮਾਰ ਬਟਾਲਵੀ ਦੇ ਯਾਰ ਸਨ। ਬਾਜਵਾ ਵੀ ਸ਼ਿਵ ਕੁਮਾਰ ਬਟਾਲਵੀ ਦਾ ਪੱਕਾ ਯਾਰ ਸੀ। ਉਸ ਦੇ ਸਟੂਡੀਓ ਵਿੱਚ ਕੋਈ ਨਾ ਕੋਈ ਕਲਾਕਾਰ ਵੇਖਣ ਨੂੰ ਜ਼ਰੂਰ ਮਿਲ ਜਾਂਦਾ ਹੈ। ਸ਼ਿਵ ਕੁਮਾਰ ਬਟਾਲਵੀ ਨੂੰ ਬਾਜਵਾ ਸਭ ਤੋਂ ਵੱਧ ਜਾਣਦਾ ਹੈ। ਬਾਜਵਾ ਸਾਹਿਤਕ ਫੋਟੋਗ੍ਰਾਫੀ ਵਿੱਚ ਚੱਲਦਾ ਫਿਰਦਾ ਇਨਸਾਈਕਲੋਪੀਡੀਆ ਹੈ। ਜਿਉਂਦਾ ਵੱਸਦਾ ਰਵੇ।

**-ਬਲਵਿੰਦਰ 'ਬਾਲਮ' ਗੁਰਦਾਸਪੁਰ**
**ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)**
**ਮੋ. 98156-25409**

## ਐਮਰਜੈਂਸੀ ਫ਼ਿਲਮ ਨੂੰ ਲੈਕੇ ਐਸ,ਜੀ,ਪੀ,ਸੀ ਗੁਰਦੁਆਰਾ ਮੰਜੀ ਸਾਹਿਬ ਮੂਲੋਵਾਲ ਸਟਾਫ ਵੱਲੋਂ

# ਡੀਐਸਪੀ ਨੂੰ ਮੰਗ ਪੱਤਰ ਦਿੱਤਾ

ਧੂਰੀ ( ਰਣਜੀਤ ਸਿੰਘ ਪੇਧਨੀ ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੀਬੀ ਸਰਨਜੀਤ ਕੌਰ ਕਿਲਾ ਹਕੀਮਾਂ ਦੀ ਅਗਵਾਈ ਹੇਠ ਇਤਿਹਾਸਿਕ ਗੁਰਦੁਆਰਾ ਮੰਜੀ ਸਾਹਿਬ ਮੂਲੋਵਾਲ ਵੱਲੋਂ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ, ਮੈਨੇਜਰ ਹਰਵਿੰਦਰ ਸਿੰਘ ਚੰਗਾਲ, ਹੈੱਡ ਗ੍ਰੰਥੀ ਗੁਰਧਿਆਨ ਸਿੰਘ, ਸੁਖਦੇਵ ਸਿੰਘ ਅਲਾਲ, ਬੱਬੀ ਪੇਧਨੀ ਸਮੇਤ ਸਾਰੇ ਐਸ,ਜੀ,ਪੀ,ਸੀ ਸਟਾਫ ਵੱਲੋਂ ਐਮਰਜੈਂਸੀ ਫ਼ਿਲਮ ਨੂੰ ਪੰਜਾਬ ਦੇ ਸਿਨੇਮਾ ਘਰਾਂ ਵਿੱਚ ਨਾ ਚਲਾਉਣ ਦੀਆਂ ਤਖਤੀਆਂ ਲੈ ਕੇ ਡੀ,ਐਸ ਪੀ ਧੂਰੀ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾਂ ਨੇ ਕਿਹਾ ਕਿ ਭਾਜਪਾ ਅਜਿਹੀ ਵਿਵਾਦਤ ਫਿਲਮ ਰਾਹੀਂ ਸਿੱਖਾਂ ਦੇ ਅਕਸ ਨੂੰ ਖ਼ਰਾਬ ਕਰਨ ਲਈ ਕੰਗਨਾ ਰਣੌਤ ਦਾ ਸਮਰਥਨ ਕਰ ਰਹੀ ਹੈ। ਉਨ੍ਹਾਂ ਸਿੱਖਾਂ ਨੂੰ ਜਾਣਬੁੱਝ ਕੇ





ਨਕਾਰਾਤਮਕ ਰੋਲ ਵਿੱਚ ਪੇਸ਼ ਕਰਨ ਵਾਲੀ ਇਸ ਵਿਵਾਦਿਤ ਫ਼ਿਲਮ ਨੂੰ ਦੇਖਣ ਤੋਂ ਗੁਰੇਜ਼ ਕਰਨ ਲਈ ਆਮ ਲੋਕਾਂ ਨੂੰ ਅਪੀਲ ਕੀਤੀ ਹੈ। ਉਨ੍ਹਾਂ ' ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਹਰ ਹਾਲਤ ਵਿੱਚ ਫ਼ਿਲਮ 'ਐਮਰਜੈਂਸੀ' 'ਤੇ ਪਾਬੰਦੀ ਲਗਾਉਣ ਦੀ ਜ਼ੋਰਦਾਰ ਅਪੀਲ ਕੀਤੀ।

# ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਨੇ ਨੈਸ਼ਨਲ ਸਕੂਲ ਗੇਮਜ਼ ਵਿੱਚ ਕਾਂਸੀ ਦਾ ਤਗਮਾ ਜਿੱਤਿਆ



ਹੁਸ਼ਿਆਰਪੁਰ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)- ਛਤਿਸਗੜ੍ਹ ਵਿੱਚ ਆਯੋਜਿਤ 68ਵੇਂ ਐਸਜੀਐਫਆਈ ਨੈਸ਼ਨਲ ਸਕੂਲ ਗੇਮਜ਼ ਵਿੱਚ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਵੈਭਵ ਓਹਰੀ ਨੇ ਕੁਰਾਸ਼ ਖੇਡ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਖੇਤਰ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਨੇ ਵੈਭਵ ਓਹਰੀ ਨੂੰ ਸਨਮਾਨਿਤ ਕੀਤਾ। ਚੇਅਰਮੈਨ ਬਾਹਰਾ ਨੇ ਵਿਦਿਆਰਥੀ ਵੈਭਵ, ਉਸ ਦੇ ਮਾਤਾ-ਪਿਤਾ ਅਤੇ ਸਕੂਲ ਦੇ ਖੇਡ ਅਧਿਕਾਰੀਆਂ ਹਰਜੀਤ ਸਿੰਘ, ਜਗਦੀਪ ਸਿੰਘ ਅਤੇ ਲਖਿੰਦਰ ਕੌਰ ਨੂੰ ਵੀ ਵਧਾਈ ਦਿੱਤੀ। ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਰਿਆਤ ਬਾਹਰਾ ਗਰੁੱਪ ਆਪਣੇ ਵਿਦਿਆਰਥੀਆਂ ਨੂੰ ਹਰ ਮੈਦਾਨ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਉਤਸ਼ਾਹਿਤ ਕਰਦਾ ਹੈ। ਇਹ ਸਫਲਤਾ ਸਾਡੇ ਖੇਡ ਅਤੇ ਸ਼ਿੱਖਿਆ ਵਿੱਚ ਕਮੇਟਮੈਂਟ ਨੂੰ ਦਰਸਾਉਂਦੀ ਹੈ। ਇਹ ਸਫਲਤਾ ਸਕੂਲ ਦੇ ਖੇਡ ਵਿਭਾਗ ਅਤੇ ਵਿਦਿਆਰਥੀਆਂ ਦੀ ਲਗਨ ਦਾ ਨਤੀਜਾ ਹੈ। ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਅਤੇ ਸਕੂਲ ਪ੍ਰਿੰਸੀਪਲ ਡਾ. ਹਰਦੀਪ ਸਿੰਘ ਨੇ ਵੀ ਵੈਭਵ ਦੀ ਸਫਲਤਾ ਤੇ ਉਸ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਸੰਤ ਭਿੰਡਰਾਂਵਾਲਿਆਂ ਦੀ ਕਿਰਦਾਰਕੁਸ਼ੀ ਕਰਦੀ ਕੰਗਣਾ ਰਣੌਤ ਦੀ 'ਐਮਰਜੈਂਸੀ' ਫਿਲਮ ਦਾ ਸਿੱਖ ਜਥੇਬੰਦੀਆਂ ਨੇ ਕੀਤਾ ਵਿਰੋਧ



**ਹੁਸ਼ਿਆਰਪੁਰ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਕੌਮ ਦੇ ਮਹਾਨ ਜਰਨੈਲ ਸ਼ਹੀਦ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲੇ ਦੀ ਕਿਰਦਾਰਕੁਸ਼ੀ ਕਰਦੀ ਅਤੇ ਸਿੱਖ ਵਿਰੋਧੀ ਕੰਗਣਾ ਰਣੌਤ ਦੀ ਫਿਲਮ "ਐਮਰਜੈਂਸੀ" ਜੋ ਕਿ ਸੈਂਸਰ ਬੋਰਡ ਵੱਲੋਂ ਪਾਸ ਕਰਨ ਤੇ ਅੱਜ ਸਿਨੇਮੇ ਘਰਾਂ ਵਿੱਚ ਲੱਗਣ ਜਾ ਰਹੀ ਸੀ ਇਸ ਫਿਲਮ ਦੇ ਪਹਿਲਾਂ ਵੀ ਰਿਲੀਜ਼ ਹੋਣ ਤੇ ਸਿੱਖ ਜਥੇਬੰਦੀਆਂ ਵੱਲੋਂ ਭਾਰੀ ਵਿਰੋਧ ਕੀਤਾ ਗਿਆ ਸੀ ਅੱਜ ਇਸ ਫਿਲਮ ਦੇ ਰਿਲੀਜ਼ ਹੋਣ ਤੇ ਸਿੱਖ ਜਥੇਬੰਦੀਆਂ ਪਹਿਲਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਇਕੱਠੀਆਂ ਹੋਈਆਂ ਅਤੇ ਸਿਨੇਮਾ ਘਰਾਂ ਮਿਰਾਜ, ਟਾਈਮ ਸੁਕੇਅਰ ਤੇ ਸਵਰਨ ਆਦਿ ਵਿੱਚ ਜਾ ਕੇ ਵਿਰੋਧ ਕਰਦੇ ਹੋਏ ਪ੍ਰਬੰਧਕਾਂ ਨਾਲ ਗੱਲਬਾਤ ਕੀਤੀ ਅਤੇ ਕਿਹਾ ਕਿ ਇਹ ਫਿਲਮ ਸਿੱਖ ਕੌਮ ਦੇ ਮਹਾਨ ਨਾਇਕ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਕਿਰਦਾਰ ਕੁਸ਼ੀ ਅਤੇ ਸਿੱਖ ਵਿਰੋਧੀ ਫਿਲਮ ਜਿਸ ਨਾਲ ਭਾਈਚਾਰਕ ਸਾਂਝ ਨੂੰ ਡੂੰਘੀ ਸੱਟ ਵੱਜਦੀ ਹੈ ਇੱਕ ਸਾਜ ਤਹਿਤ ਕੇਂਦਰ ਦੀ ਮੁਤੱਸਵੀ ਭਾਜਪਾ ਸਰਕਾਰ ਸਿੱਖਾਂ ਅਤੇ ਪੰਜਾਬੀਆਂ ਦਾ ਅਕਸ ਦੇਸ਼ ਅਤੇ ਵਿਦੇਸ਼ ਵਿੱਚ ਵਿਗਾੜਨ ਲਈ ਰਿਲੀਜ਼ ਕੀਤੀ ਗਈ ਹੈ ਜਿਸ ਨੂੰ ਦੁਨੀਆ ਭਰ ਵਿੱਚ ਵੱਸਦੇ ਸਿੱਖ ਅਤੇ ਪੰਜਾਬੀ ਬਰਦਾਸ਼ਤ ਨਹੀਂ ਕਰਨਗੇ ਇਸ ਸਮੇਂ ਸਿਨੇਮੇ ਘਰਾਂ ਦੇ ਪ੍ਰਬੰਧਕਾਂ ਨੇ ਸਿੱਖ ਜਥੇਬੰਦੀਆਂ ਦੀ ਗੱਲਬਾਤ ਸੁਣਨ ਤੋਂ ਬਾਅਦ ਕਿਹਾ ਕਿ ਉਹ ਪਹਿਲਾਂ ਤੋਂ ਹੀ ਇਹ ਫਿਲਮ ਨੂੰ ਲਗਾਉਣ ਤੋਂ ਨਾ ਕਰ ਚੁੱਕੇ ਹਨ,ਇਸ ਸਮੇਂ ਕਰਨੈਲ ਸਿੰਘ ਲਵਲੀ,ਹਰਵਿੰਦਰ ਸਿੰਘ ਹੀਰਾ, ਗੁਰਨਾਮ ਸਿੰਘ ਸਿੰਗੜੀਵਾਲਾ ਤੇ,ਜਗਜੀਤ ਸਿੰਘ ਬਤਰਾ ਨੇ ਸਾਂਝੇ ਤੌਰ ਤੇ ਕਿਹਾ ਕਿ ਸਿੱਖ ਕਾਜ ਤੇ ਪੰਜਾਬ ਦੇ ਹੱਕਾਂ ਲਈ ਬਣਨ ਵਾਲੀਆਂ ਫਿਲਮਾਂ ਤੂਫਾਨ ਸਿੰਘ, ਧਰਮ ਯੁੱਧ ਮੋਰਚਾ,ਸੁੱਖਾ ਜਿੰਦਾ ਤੇ ਪੰਜਾਬ 95 ਆਦਿ ਨੂੰ ਸੈਂਸਰ ਬੋਰਡ ਵਲੋਂ ਬੜੇ ਸਾਜਸ਼ੀ ਢੰਗ ਨਾਲ ਦੋਗਲੀ ਨੀਤੀ ਅਪਣਾਉਂਦਿਆਂ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਇਸ ਦਾ ਸਖਤੀ ਨਾਲ ਵਿਰੋਧ ਕੀਤਾ ਜਾਵੇਗਾਇਸ ਸਮੇਂ ਜਥੇਬੰਦੀਆਂ ਵੱਲੋਂ ਭਾਰਤੀ ਸੈਂਸਰ ਬੋਰਡ ਮੁਰਦਾਬਾਦ, ਕੇਂਦਰ ਸਰਕਾਰ ਮੁਰਦਾਬਾਦ, ਕੰਗਣਾ ਰਣੌਤ ਮੁਰਦਾਬਾਦ ਤੇ ਭਾਈਚਾਰਕ ਏਕਤਾ ਜਿੰਦਾਬਾਦ ਆਦਿ ਦੇ ਨਾਰੇ ਵੀ ਲਗਾਏ ਗਏ ਇਸ ਸਮੇਂ ਪਰਮਜੀਤ ਸਿੰਘ ਮਿੰਟੂ ਦਲਜੀਤ ਸਿੰਘ ਮਾਨ, ਅਮਰਜੀਤ ਸਿੰਘ ਗੋਕਲ ਨਗਰ, ਦਿਲਬਾਗ ਸਿੰਘ ਪਥਰਾਲੀਆਂ, ਹਰਦੀਪ ਸਿੰਘ, ਮਨਦੀਪ ਸਿੰਘ ਆਦਿ ਹਾਜ਼ਰ ਸਨ।

# ਮਹਿੰਦਰ ਪਾਲ ਸੰਧੂ ਨੂੰ ਸਰਬ ਸੰਮਤੀ ਨਾਲ ਲਾਈਨ ਕਲੱਬ ਹੁਸ਼ਿਆਰਪੁਰ ਦਾ ਪ੍ਰਧਾਨ ਚੁਣਿਆ ਗਿਆ

ਹੁਸ਼ਿਆਰਪੁਰ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)-ਲਾਇਨਜ ਕਲੱਬ ਹੁਸ਼ਿਆਰਪੁਰ ਸਮਰਪਣ ਐਕਟਿਵ ਦੀ ਬੋਰਡ ਆਫ ਡਾਇਰੈਕਟਰ ਦੀ ਲਾਇਨ ਐਸ ਪੀ ਜਾਖੂ ਕਲੱਬ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ, ਲਾਇਨਜ ਕਲੱਬਜ ਇੰਟਰਨੈਸ਼ਨਲ 321 ਡੀ ਦੇ ਮਾਨਯੋਗ ਗਵਰਨਰ ਲਾਇਨ ਰਛਪਾਲ ਸਿੰਘ ਬੱਚਾਜੀਵੀ ਨਾਲ, ਕਲੱਬ ਦੀਆ ਗਤੀਵਿਧੀਆ ਬਾਰੇ ਭਰਵੇਂ ਵਿਚਾਰ ਵਟਾਂਦਰੇ ਉਪਰੰਤ, ਮੌਜੂਦਾ ਪ੍ਰਸਥਿਤੀਆਂ ਨੂੰ ਗੰਭੀਰਤਾ ਨਾਲ ਨਜਿੱਠਣ ਲਈ ਮੌਜੂਦਾ ਪ੍ਰਧਾਨ ਲਾਇਨ ਅਜੀਤ ਸਿੰਘ ਬਾਲੀ ਨੂੰ ਆਹੁਦੇਦਾਰੀ ਤੋਂ ਵੱਖ ਕਰ ਦਿੱਤਾ ਹੈ। ਬੋਰਡ ਆਫ ਡਾਇਰੈਕਟਰ ਵੱਲੋ ਸਰਬਸੰਮਤੀ ਨਾਲ ਲਾਇਨ ਮਹਿੰਦਰ ਪਾਲ ਸਿੱਧੂ ਨੂੰ ਨਵਾਂ ਪ੍ਰਧਾਨ ਚੁਣ ਲਿਆ ਗਿਆ ਅਤੇ ਤਨੋਂ ਮਨੋਂ ਧਨੋ ਹਰ ਤਰ੍ਹਾ ਦੇ ਸਹਿਯੋਗ ਕਰਨ ਦੇ ਪ੍ਰਣ ਨੂੰ ਦੁਹਰਾਇਆ ਗਿਆ ਹੈ! ਲਾਇਨ ਐਮ ਪੀ ਸਿੱਧੂ ਨੇ ਨਵੇਂ ਪ੍ਰਧਾਨ ਵਜੋਂ ਮੈਂਬਰ ਸਾਹਿਬਾਨ ਵਲੋ ਉਹਨਾਂ 'ਚ ਸਰਬ ਸੰਮਤੀ ਨਾਲ ਪ੍ਰਗਟਾਏ ਭਰੋਸੇ ਲਈ ਧੰਨਵਾਦ ਕਰਦਿਆ ਕਿਹਾ ਹੈ ਕਿ ਕਲੱਬ ਵਲੋਂ ਪਿੱਛਲੇ ਛੇ ਮਹੀਨਿਆਂ ਵਿੱਚ ਸਮਾਜ ਸੇਵੀ ਕਾਰਜਾ ਚ ਹੋਈ ਘਾਟ ਨੂੰ ਹੁਣ ਆਉਣ ਵਾਲੀ ਛਿਮਾਹੀ 'ਚ ਪੂਰੀ ਤਨਦੇਹੀ ਨਾਲ ਪੂਰਿਆ ਕੀਤਾ ਜਾਵੇਗਾ।

# 100 ਦਿਨਾਂ ਟੀਵੀ ਮੁਕਤ ਅਭਿਆਨ ਸਿਖਰਾਂ 'ਤੇ: ਸੰਜੀਵ ਧਰਵਾਲ

ਹੁਸ਼ਿਆਰਪੁਰ, 17 ਜਨਵਰੀ (ਆਵਾਜ਼ਿ ਕੌਮ ਬਿਊਰੋ)- ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਪਵਨ ਕੁਮਾਰ ਅਤੇ ਜਿਲਾ ਟੀਬੀ ਅਫ਼ਸਰ ਡਾਕਟਰ ਸ਼ਕਤੀ ਸ਼ਰਮਾਂ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਬਲਦੇਵ ਸਿੰਘ ਜੀ ਦੀ ਯੋਗ ਅਗਵਾਈ ਹੇਠਾਂ 100 ਦਿਨਾਂ ਟੀਬੀ ਮੁਕਤ ਅਭਿਮਾਨ ਤਹਿਤ ਅੱਜ ਡਾਕਟਰ ਸ਼ਕਤੀ ਸ਼ਰਮਾਂ ਜੀ ਦੁਆਰਾ ਜਿਲ ? ਵਿੱਚ ਚੱਲ ਰਹੀ ਮੁਹਿੰਮ ਦਾ ਪਿੰਡ ਚੰਡਿਆਲ ਬਾਲਾਕ ਚੱਕੋਵਾਲ ਦਾ ਦੌਰਾ ਕੀਤਾ। ਜਿਸ ਵਿੱਚ ਉਹਨਾਂ ਦੁਆਰਾ ਪਿੰਡ ਦੇ ਲੋਕਾਂ ਨੂੰ ਦੱਸਿਆ ਕਿ ਇਹ ਮੁਹਿੰਮ 7 ਦਸੰਬਰ 2024 ਤੋਂ ਚੱਲ ਕੇ 24 ਮਾਰਚ 2025 ਤੱਕ ਚੱਲੇਗੀ ਜਿਸ ਵਿੱਚ 3 ਸਾਲ ਅਤੇ 5 ਸਾਲ ਪੁਰਾਣੇ ਟੀਬੀ ਦੇ ਮਰੀਜ਼ਾਂ ਦਾ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਟੀਬੀ ਦੀ ਜਾਂਚ ਮੁਫ਼ਤ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਮੁਹਿੰਮ ਵਿੱਚ 60 ਤੋ ਉੱਪਰ, ਸ਼ੁਗਰ ਵਾਲੇ, ਲੋਕਾਂ ਦਾ ਵੀ ਛਾਤੀ ਦਾ ਐਕਸਰੇ ਬਲਗਮ ਦੀ ਜਾਂਚ ਵੀ ਮੁੱਫਤ ਕੀਤੀ ਜਾਵੇਗੀ। ਇਸ ਮੌਕੇ ਉਹਨਾਂ ਦੇ ਨਾਲ ਟੀਬੀ ਐਚ ਵੀ ਸੰਜੀਵ ਧਰਵਾਲ, ਐਮ ਪੀ ਐਚ ਡਬੱਲਯੂ (ਮੇਲ) ਕੁਲਵੰਤ ਸਿੰਘ, ਸੀ ਐਚ ਓ ਹਰਦੀਪ ਕੋਰ ਆਸ਼ਾ ਵਰਕਰ ਰੰਨਜੀਨ ਕੁਮਾਰੀ ਆਦਿ ਮੌਜੂਦ ਸਨ।